# ਕੇਅਰ ਹੋਮਾਂ ਵਿੱਚ ਕੰਮ ਕਰਦੇ ਜਾਂ ਤੈਨਾਤ ਕੀਤੇ ਵਿਅਕਤੀਆਂ ਲਈ ਕੋਰੋਨਾਵਾਇਰਸ (ਕੋਵਿਡ-19) ਟੀਕਾਕਕਰਨ: ਕੰਮ ਕਰਨ ਸਬੰਧੀ ਸੇਧ

## ਸੰਖੇਪ-ਜਾਣਕਾਰੀ

ਕੋਰੋਨਾਵਾਇਰਸ (ਕੋਵਿਡ-19) ਮਹਾਂਮਾਰੀ ਦੌਰਾਨ, ਕੇਅਰ ਹੋਮ ਕਰਮਚਾਰੀਆਂ ਨੇ ਉਨ੍ਹਾਂ ਵਿਅਕਤੀ ਦੀ ਸੁਰੱਖਿਆ ਅਤੇ ਬਚਾਅ ਲਈ ਬਹੁਤ ਵਧੀਆ ਕੰਮ ਕੀਤਾ ਹੈ ਜਿਨ੍ਹਾਂ ਨੂੰ ਕੋਵਿਡ-19 ਤੋਂ ਬਹੁਤ ਜ਼ਿਆਦਾ ਜੋਖਮ ਹੈ। ਸਮੁੱਚੇ ਸੈਕਟਰ ਦੇ ਲੋਕਾਂ ਨੇ ਇਸ ਅਸਧਾਰਨ ਚੁਣੌਤੀ ਨੂੰ ਸਫ਼ਲਤਾਪੂਰਵਕ ਨਜਿੱਠਿਆ ਹੈ ਅਤੇ ਆਪਣੀ ਦੇਖਭਾਲ ਹੇਠਲੇ ਵਿਅਕਤੀਆਂ ਨੂੰ ਸੁਰੱਖਿਅਤ ਰੱਖਣ ਦੇ ਫ਼ਰਜ਼ ਨੂੰ ਪੂਰਾ ਕਰਨ ਲਈ ਵਧੀਕ ਕੋਸ਼ਿਸ਼ਾਂ ਕੀਤੀਆਂ ਹਨ।

ਅਸੀਂ ਕੇਅਰ ਹੋਮ ਦੇ ਵਿਅਕਤੀਆਂ ਵੱਲੋਂ ਪਿਛਲੇ 18 ਮਹੀਨਿਆਂ ਦੌਰਾਨ ਅਜਿਹੇ ਕੁਝ ਲੋਕਾਂ ਦੀ ਦੇਖਭਾਲ ਲਈ ਕੀਤੇ ਅਦਭੁਤ ਕੰਮ ਦੀ ਕਦਰ ਕਰਦੇ ਹਾਂ ਜਿਨ੍ਹਾਂ ਨੂੰ ਕੋਵਿਡ-19 ਤੋਂ ਸਭ ਤੋਂ ਜ਼ਿਆਦਾ ਖ਼ਤਰਾ ਹੈ। ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਕੇਅਰ ਹੋਮ ਕੰਮ ਕਰਨ ਵਾਲੇ ਸਟਾਫ ਅਤੇ ਉਨ੍ਹਾਂ ਵਿਅਕਤੀਆਂ ਲਈ ਵੱਧ ਤੋਂ ਵੱਧ ਸੁਰੱਖਿਅਤ ਹੋਵੇ ਜਿਨ੍ਹਾਂ ਦੀ ਉਹ ਦੇਖਭਾਲ ਕਰਦੇ ਹਨ। ਸਾਡਾ ਮੰਨਣਾ ਹੈ ਕਿ ਅਜਿਹਾ ਕਰਨ ਦਾ ਬਿਹਤਰੀਨ ਤਰੀਕਾ ਇਹ ਹੈ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਹਰੇਕ ਵਿਅਕਤੀ, ਜੋ ਟੀਕਾਕਰਨ ਦੀ ਪੇਸ਼ਕਸ਼ ਸਵੀਕਾਰ ਕਰ ਸਕਦਾ ਹੈ, ਉਹ ਇਸ ਨੂੰ ਕਰੇ।

ਟੀਕਾਕਰਨ ਸਟਾਫ ਅਤੇ ਕੇਅਰ ਹੋਮ ਵਿੱਚ ਰਹਿਣ ਵਾਲੇ ਵਿਅਕਤੀਆਂ ਨੂੰ ਵਾਇਰਸ ਤੋਂ ਬਿਹਤਰੀਨ ਸੁਰੱਖਿਆ ਦੀ ਪੇਸ਼ਕਸ਼ ਕਰਦਾ ਹੈ। 11 ਨਵੰਬਰ 2021 ਤੋਂ, ਕੇਅਰ ਹੋਮ ਦੇ ਸਾਰੇ ਕਰਮਚਾਰੀਆਂ, ਅਤੇ ਕੇਅਰ ਹੋਮ ਵਿੱਚ ਦਾਖਲ ਹੋਣ ਵਾਲੇ ਕਿਸੇ ਵੀ ਵਿਅਕਤੀ ਨੂੰ ਮੁਕੰਮਲ ਟੀਕਾਕਰਨ ਕਰਵਾਉਣ ਦੀ ਲੋੜ ਹੋਵੇਗੀ, ਜਦੋਂ ਤੱਕ ਉਨ੍ਹਾਂ ਨੂੰ ਵਿਨਿਯਮਾਂ ਤਹਿਤ ਛੋਟ ਨਹੀਂ ਮਿਲੀ ਹੁੰਦੀ।

ਟੀਕਾਕਰਨਾਂ ਦੀ ਰਾਸ਼ਟਰੀ ਬੁਕਿੰਗ ਸੇਵਾ ਰਾਹੀਂ ਆਨਲਾਈਨ ਜਾਂ 119 'ਤੇ ਫ਼ੋਨ ਕਰਕੇ ਬੁਕਿੰਗ ਕੀਤੀ ਜਾ ਸਕਦੀ ਹੈ। ਪਹਿਲਾਂ ਤੋਂ ਬੁੱਕ ਕਰਵਾਉਣ ਦੀ ਲੋੜ ਤੋਂ ਬਗੈਰ ਦੇਸ਼ ਭਰ ਵਿੱਚ ਸੈਂਕੜੇ ਵਾਕ-ਇਨ ਸੈਂਟਰਾਂ ਵਿੱਚੋਂ ਕਿਸੇ ਇੱਕ ਵਿੱਚ ਜਾਣਾ ਵੀ ਸੰਭਵ ਹੈ। ਆਪਣੇ ਸਭ ਤੋਂ ਨਜ਼ਦੀਕੀ ਕੇਂਦਰ ਬਾਰੇ ਪਤਾ ਲਗਾਓ

## ਅਮਲ ਕਰਨ ਲਈ ਤੈਅ-ਸ਼ੁਦਾ ਸਮਾਂ




ਧਿਆਨ ਵਿੱਚ ਰੱਖਣ ਲਈ ਅਹਿਮ ਤਾਰੀਖ਼ਾਂ ਹਨ:

- 22 ਜੁਲਾਈ (ਇਹ ਉਹ ਤਾਰੀਖ਼ ਹੈ ਜਦੋਂ ਮੁਹਲਤ ਦਾ ਸਮਾਂ ਸ਼ੁਰੂ ਹੁੰਦਾ ਹੈ)
- 16 ਸਤੰਬਰ (ਕੇਅਰ ਹੋਮ ਕਰਮਚਾਰੀਆਂ ਵੱਲੋਂ ਆਪਣੀ ਪਹਿਲੀ ਡੋਜ਼ (ਦਵਾਈ ਦੀ ਖੁਰਾਕ) ਲੈਣ ਲਈ ਆਖ਼ਰੀ ਤਾਰੀਖ਼ ਤਾਂ ਜੋ ਉਨ੍ਹਾਂ ਨੇ ਵਿਨਿਯਮ ਲਾਗੂ ਹੋਣ ਦੇ ਸਮੇਂ ਪੂਰੀ ਤਰ੍ਹਾਂ ਟੀਕਾਕਰਨ ਕਰਵਾਇਆ ਹੋਵੇ)
- 11 ਨਵੰਬਰ (ਵਿਨਿਯਮ ਲਾਗੂ ਹੁੰਦਾ ਹੈ)

# ਸੇਧ ਦੀ ਵਰਤੋਂ ਕਿਵੇਂ ਕਰਨੀ ਹੈ

## ਇਸ ਸੇਧ ਦਾ ਉਦੇਸ਼

ਇਹ ਸੇਧ ਕੇਅਰ ਹੋਮ ਵਿੱਚ ਨਿਯੰਤ੍ਰਿਤ ਗਤੀਵਿਧੀ 'ਤੇ ਲਾਗੂ ਹੁੰਦੀ ਹੈ - ਜੋ ਤੀਮਾਰਦਾਰੀ ਜਾਂ ਵਿਅਕਤੀਗਤ ਦੇਖਭਾਲ ਦੇ ਨਾਲ ਰਿਹਾਇਸ਼ ਦੀ ਵਿਵਸਥਾ ਹੈ। ਇਸ ਨੂੰ ਸਿਹਤ ਅਤੇ ਸਮਾਜਿਕ ਦੇਖਭਾਲ ਕਾਨੂੰਨ (ਨਿਯੰਤ੍ਰਿਤ ਗਤੀਵਿਧੀਆਂ) (ਸੋਧੇ ਗਏ) (ਕੋਰੋਨਾਵਾਇਰਸ) ਵਿਨਿਯਮਾਂ 2021 ('ਵਿਨਿਯਮ') ਨੂੰ ਲਾਗੂ ਕਰਨ ਦੀ ਸਹਾਇਤਾ ਲਈ ਤਿਆਰ ਕੀਤਾ ਗਿਆ ਹੈ। ਇਨ੍ਹਾਂ ਵਿਨਿਯਮਾਂ ਲਈ ਜ਼ਰੂਰੀ ਹੈ ਕਿ ਕੇਅਰ ਕੁਆਲਿਟੀ ਕਮਿਸ਼ਨ (ਸੀ.ਕਿਉ.ਸੀ.) ਨਾਲ ਦਰਜ ਸਾਰੇ ਕੇਅਰ ਹੋਮਾਂ (ਜੋ ਤੀਮਾਰਦਾਰੀ ਜਾਂ ਵਿਅਕਤੀਗਤ ਦੇਖਭਾਲ ਦੇ ਨਾਲ ਰਿਹਾਇਸ਼ ਮੁਹੱਈਆ ਕਰਦੇ ਹਨ) ਦੇ ਦਰਜ ਕੀਤੇ ਵਿਅਕਤੀ ਇਹ ਯਕੀਨੀ ਬਣਾਉਣ ਕਿ ਇੱਕ ਵਿਅਕਤੀ ਨੇ ਜਦੋਂ ਤੱਕ ਟੀਕਾਕਰਨ ਨਾ ਕਰਵਾਇਆ ਹੋਵੇ ਉਹ ਅੰਦਰੂਨੀ ਅਦਾਰੇ ਵਿੱਚ ਦਾਖਲ ਨਾ ਹੋਵੇ। ਇਹ ਖਾਸ ਛੋਟਾਂ ਤਹਿਤ ਆਉਂਦਾ ਹੈ।

ਵਿਨਿਯਮ 22 ਜੁਨ 2021 ਨੂੰ ਪਾਰਲੀਮੈਂਟ ਵਿੱਚ ਰੱਖੇ ਗਏ ਸਨ ਅਤੇ 22 ਜੁਲਾਈ 2021 ਨੂੰ ਬਣਾਏ ਗਏ ਸਨ।

### ਇਹ ਸੇਧ ਕਿਸ ਲਈ ਹੈ

ਇਹ ਸੇਧ ਸੀ.ਕਿਊ.ਸੀ. ਨਿਯੰਤ੍ਰਿਤ ਕੇਅਰ ਹੋਮਾਂ ਦੇ ਸੇਵਾ ਪ੍ਰਦਾਤਾਵਾਂ, ਰਜਿਸਟਰ ਹੋਏ ਵਿਅਕਤੀਆਂ, ਸਥਾਨਕ ਅਥਾਰਟੀਆਂ, ਕਰਮਚਾਰੀਆਂ (ਜਿਨ੍ਹਾਂ ਵਿੱਚ ਏਜੰਸੀ ਸਟਾਫ ਵੀ ਸ਼ਾਮਲ ਹੈ) ਅਤੇ ਵਸਨੀਕਾਂ ਲਈ ਹੈ ਜੋ ਉਨ੍ਹਾਂ ਵਿਅਕਤੀਆਂ ਨੂੰ ਰਿਹਾਇਸ਼ ਮੁਹੱਈਆ ਕਰਦੇ ਹਨ ਜਿਨ੍ਹਾਂ ਨੂੰ ਤੀਮਾਰਦਾਰੀ ਅਤੇ ਨਿੱਜੀ ਦੇਖਭਾਲ ਦੀ ਲੋੜ ਹੁੰਦੀ ਹੈ।

ਇਹ ਸੇਧ ਇਨ੍ਹਾਂ ਥਾਵਾਂ ਵਿੱਚ ਦਾਖਲ ਹੋਣ ਵਾਲੇ ਸਾਰੇ ਪੇਸ਼ੇਵਰਾਂ ਅਤੇ ਵਪਾਰੀਆਂ ਉੱਤੇ ਵੀ ਲਾਗੂ ਹੁੰਦੀ ਹੈ।

# ਭੂਮਿਕਾ

### ਟੀਕੇ ਦਾ ਰੋਲਆਊਟ

ਲੋਕਲ ਅਥਾਰਟੀਆਂ ਦੀ ਭਾਈਵਾਲੀ ਨਾਲ ਸਮੁੱਚੇ ਸਮਾਜਿਕ ਦੇਖਭਾਲ ਸੈਕਟਰ ਅਤੇ ਐੱਨ.ਐੱਚ.ਐੱਸ. ਦੀ ਪ੍ਰਭਾਵਸ਼ਾਲੀ ਲੀਡਰਸ਼ਿਪ ਅਤੇ ਸਹਿਯੋਗ ਕਰਕੇ, ਅਤੇ ਇਸ ਦੇ ਨਾਲ-ਨਾਲ ਸਟਾਫ ਦੀ ਸਹਾਇਤਾ ਕਰਨ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਵਿੱਚ ਕੇਅਰ ਹੋਮ ਮੈਨੇਜਰਾਂ ਦੇ ਸਮਰਪਣ ਕਰਕੇ ਕੇਅਰ ਹੋਮਾਂ ਵਿੱਚ ਕੋਵਿਡ-19 ਟੀਕਾਕਰਨ ਦਾ ਰੋਲਆਊਟ ਅਸਧਾਰਨ ਰਿਹਾ ਹੈ। ਇੰਗਲੈਂਡ ਵਿੱਚ 12 ਲੱਖ 60 ਹਜ਼ਾਰ ਸੋਸ਼ਲ ਕੇਅਰ ਵਰਕਰਾਂ ਦਾ ਹੁਣ ਪੂਰੀ ਤਰ੍ਹਾਂ ਨਾਲ ਟੀਕਾਕਰਨ ਹੋ ਗਿਆ ਹੈ - ਜੋ ਖੁਦ ਨੂੰ, ਆਪਣੇ ਪਿਆਰਿਆਂ ਨੂੰ ਅਤੇ ਆਪਣੇ ਵੱਲੋਂ ਦੇਖਭਾਲ ਕੀਤੇ ਜਾ ਰਹੇ ਵਿਅਕਤੀਆਂ ਨੂੰ ਕੋਵਿਡ-19 ਕਰਕੇ ਗੰਭੀਰ ਰੂਪ ਵਿੱਚ ਬਿਮਾਰ ਹੋਣ ਜਾਂ ਮਰਨ ਤੋਂ ਬਚਾਉਣ ਲਈ ਇੱਕ ਮਹੱਤਵਪੂਰਨ ਕਦਮ ਹੈ।

### ਟੀਕਾ ਲਗਵਾਉਣਾ ਮਹੱਤਵਪੂਰਨ ਕਿਉਂ ਹੈ

ਪਿਛਲੇ ਲਗਭਗ ਡੇਢ ਸਾਲ ਤੋਂ, ਕੋਵਿਡ-19 ਨੇ ਬਦਕਿਸਮਤੀ ਨਾਲ ਹਜ਼ਾਰਾਂ ਵਿਅਕਤੀਆਂ ਦੀ ਜ਼ਿੰਦਗੀ ਖੋਹੀ ਹੈ, ਖਾਸ ਤੌਰ 'ਤੇ ਬਜ਼ੁਰਗ ਵਿਅਕਤੀਆਂ, ਚਿਰਕਾਲੀ ਅਤੇ ਗੰਭੀਰ ਸਿਹਤ ਸਮੱਸਿਆਵਾਂ ਤੋਂ ਪੀੜ੍ਹਤ ਵਿਅਕਤੀਆਂ ਅਤੇ ਉਨ੍ਹਾਂ ਦੀ ਜਿਨ੍ਹਾਂ ਨੂੰ ਕੇਅਰ ਹੋਮਾਂ ਵਿੱਚ ਮੁਹੱਈਆ ਕੀਤੀ ਜਾਂਦੀ ਇੱਕ ਤਰ੍ਹਾਂ ਦੀ ਦੇਖਭਾਲ ਦੀ ਲੋੜ ਹੈ।

ਸਾਇੰਟਿਫਿਕ ਐਡਵਾਇਜ਼ਰੀ ਗਰੁੱਪ ਫਾਰ ਐਮਰਜੈਂਸੀਜ਼ (ਐਮਰਜੈਂਸੀਆਂ ਲਈ ਵਿਗਿਆਨਕ ਸਲਾਹਕਾਰ ਸਮੂਹ ) (ਐੱਸ.ਏ.ਜੀ.ਈ.) ਸੋਸ਼ਲ ਕੇਅਰ ਵਰਕਿੰਗ ਗਰੁੱਪ ਨੇ ਇਹ ਗੱਲ ਉਜਾਗਰ ਕੀਤੀ ਹੈ ਕਿ ਕੇਅਰ ਹੋਮਾਂ ਵਿੱਚ ਰਹਿੰਦੇ ਲੋਕ ਖਾਸ ਤੌਰ 'ਤੇ ਕੋਵਿਡ-19 ਮਹਾਂਮਾਰੀ ਕਰਕੇ ਪ੍ਰਭਾਵਿਤ ਹੋਏ ਹਨ, ਜੋ ਸਾਂਝੇ ਤੌਰ 'ਤੇ ਕੋਵਿਡ-19 ਦੀ ਇਨਫੈਕਸ਼ਨ ਤੋਂ ਬਾਅਦ ਗੰਭੀਰ ਨਤੀਜਿਆਂ ਦੇ ਵੱਧੇ ਹੋਏ ਜੋਖਮਾਂ ਅਤੇ ਬੰਦ ਥਾਵਾਂ ਵਿੱਚ (ਵਾਇਰਸ ਦੇ) ਫੈਲਾਵ ਕਰਕੇ ਹੈ।

ਜਨਵਰੀ 2021 ਤੋਂ, ਕੇਅਰ ਹੋਮਾਂ ਨੇ 2 ਕਰੋੜ 10 ਲੱਖ ਵਾਰੀ ਸਟਾਫ ਦਾ ਟੈਸਟ ਕੀਤਾ ਹੈ ਅਤੇ ਪੀ.ਪੀ.ਈ. ਦੀਆਂ 1.2 ਬਿਲੀਅਨ ਵਸਤੂਆਂ ਵਰਤੀਆਂ ਹਨ। ਫੇਰ ਵੀ, ਇਸ ਸੁਰੱਖਿਆ ਅਤੇ ਸਮਰਪਿਤ ਸਟਾਫ ਦੀਆਂ ਬਿਹਤਰੀਨ ਕੋਸ਼ਿਸ਼ਾਂ ਦੇ ਬਾਵਜੂਦ, ਅਸੀਂ ਸਾਰੇ ਖੇਤਰਾਂ ਵਿੱਚ ਸਾਰੇ ਸ਼ਹਿਰਾਂ ਵਿੱਚ ਬਿਮਾਰੀ ਦਾ ਪ੍ਰਕੋਪ ਦੇਖਿਆ ਹੈ ਅਤੇ ਇਸ ਸਾਲ ਦੀ ਸ਼ੁਰੂਆਤ ਤੋਂ ਬਾਅਦ ਕੋਵਿਡ-19 ਕਰਕੇ ਕੇਅਰ ਹੋਮਾਂ ਦੇ ਲਗਭਗ 14,000 ਵਸਨੀਕਾਂ ਦੀ ਮੌਤ ਹੋ ਚੁੱਕੀ ਹੈ।

ਹੁਣ ਇੱਕ ਅਜਿਹੀ ਗੱਲ ਹੈ ਜੋ ਅਹਿਮ ਅੰਤਰ ਲਿਆ ਰਹੀ ਹੈ, ਅਤੇ ਜੋ ਕੇਅਰ ਹੋਮ ਦੇ ਵਸਨੀਕਾਂ ਅਤੇ ਸਟਾਫ ਦੀ ਜ਼ਿੰਦਗੀ ਬਚਾ ਰਹੇ ਹੈ: (ਉਹ ਹੈ) ਟੀਕਾਕਰਨ।

ਟੀਕਾਕਰਨ ਕਰਵਾਏ ਵਿਅਕਤੀ ਕੋਵਿਡ-19 ਦੇ ਨਤੀਜੇ ਵੱਜੋਂ ਗੰਭੀਰ ਰੂਪ ਵਿੱਚ ਬਿਮਾਰ ਹੋਣ ਜਾਂ ਇਸ ਕਰਕੇ ਮੌਤ ਹੋਣ ਤੋਂ ਬਿਹਤਰ ਢੰਗ ਨਾਲ ਸੁਰੱਖਿਅਤ ਹੁੰਦੇ ਹਨ। ਇਨਫੈਕਸ਼ਨ ਅਤੇ ਮ੍ਰਿਤੂ ਦਰ ਉੱਤੇ ਟੀਕਾਕਰਨ ਦੇ ਸਿੱਧੇ ਅਤੇ ਅਸਿੱਧੇ ਪ੍ਰਭਾਵ ਬਾਰੇ ਪਬਲਿਕ ਹੈਲਥ ਇੰਗਲੈਂਡ (ਪੀ.ਐੱਚ.ਈ.) ਵੱਲੋਂ ਕੀਤਾ ਗਿਆ ਵਿਸ਼ਲੇਸ਼ਣ ਇਹ ਸੁਝਾਉਂਦਾ ਹੈ

ਕਿ ਟੀਕਾਕਰਨ ਪ੍ਰੋਗਰਾਮ,15 ਜੁਲਾਈ 2021 ਤੋਂ, ਨੇ ਟੀਕਾਕਰਨ ਪ੍ਰੋਗਰਾਮ ਦੇ ਸ਼ੁਰੂ ਹੋਣ ਤੋਂ ਬਾਅਦ 11 ਤੋਂ 12.5 ਮਿਲੀਅਨ ਇਨਫੈਕਸ਼ਨਾਂ ਅਤੇ 35,200 ਤੋਂ 38,600 ਦਰਿਮਆਨ ਮੌਤਾਂ ਨੂੰ ਰੋਕਿਆ ਹੈ।

ਇਹ ਗੱਲ ਸੁਝਾਉਣ ਲਈ ਸਬੂਤ ਹੈ ਕਿ ਕੋਵਿਡ-19 ਦਾ ਟੀਕਾ ਵਾਇਰਸ ਤੋਂ ਗ੍ਰਸਤ ਹੋਣ ਵਾਲੇ ਵਿਅਕਤੀਆਂ ਨੂੰ ਹੋਰ ਲੋਕਾਂ ਨੂੰ ਲਾਗਗ੍ਰਸਤ ਕਰਨ ਤੋਂ ਰੋਕਦਾ ਹੈ। ਪੀ.ਐੱਚ.ਈ. ਵੱਲੋਂ ਕੀਤੀ ਗਈ ਖੋਜ ਇਹ ਦਿਖਾਉਂਦੀ ਹੈ ਕਿ ਜਿਹੜੇ ਵਿਅਕਤੀ ਫਾਈਜ਼ਰ-ਬਿਓਨਟੈਕ ਜਾਂ ਐਸਟਰਾਜ਼ੈਨਿਕਾ ਟੀਕੇ ਦੀ ਪਹਿਲੀ ਡੋਜ਼ ਲੈਣ ਤੋਂ 3 ਹਫ਼ਤਿਆਂ ਬਾਅਦ ਲਾਗਗ੍ਰਸਤ ਹੁੰਦੇ ਹਨ ਉਨ੍ਹਾਂ ਨੂੰ ਟੀਕਾਕਰਨ ਨਾ ਕਰਵਾਉਣ ਵਾਲੇ ਲੋਕਾਂ ਦੀ ਤੁਲਨਾ ਵਿੱਚ ਆਪਣੇ ਪਰਿਵਾਰਕ ਮੈਂਬਰਾਂ ਤੱਕ ਅੱਗੇ ਵਾਇਰਸ ਫੈਲਾਉਣ ਦੀ 38% ਤੋਂ ਲੈ ਕੇ 49% ਤੱਕ ਘੱਟ ਸੰਭਾਵਨਾ ਹੁੰਦੀ ਹੈ।

ਯੂ.ਕੇ. ਵੱਲੋਂ ਅਧਿਕਾਰਕ ਤੌਰ 'ਤੇ ਕੋਵਿਡ-19 ਦੀਆਂ ਜ਼ਿਆਦਾਤਰ ਕਾਨੂੰਨੀ ਪਾਬੰਦੀਆਂ ਸਮਾਪਤ ਕਰਨ ਦੇ ਬਾਵਜੂਦ, ਵਾਇਰਸ ਕਿਸੇ ਵੀ ਰੂਪ ਜਾਂ ਕਿਸਮ ਵਿੱਚ ਬਣਿਆ ਰਹੇਗਾ ਅਤੇ ਸਾਨੂੰ ਇਸ ਨਾਲ ਜਿਉਣਾ ਸਿੱਖਣਾ ਪਏਗਾ। ਇਹ ਲਗਾਤਾਰ ਫੈਲਦਾ ਰਹੇਗਾ, ਸੰਭਾਵੀ ਰੂਪ ਵਿੱਚ ਨਵੀਆਂ ਕਿਸਮਾਂ ਵਿੱਚ ਵਿਕਾਸ ਹੁੰਦਾ ਰਹੇਗਾ।

ਹਾਲਾਂਕਿ ਕੇਅਰ ਹੋਮ ਦੇ ਵਸਨੀਕਾਂ ਵਿੱਚ ਟੀਕਾਕਰਨ ਦੀ ਜੋਰਦਾਰ ਸ਼ਮੂਲੀਅਤ ਦੇਖੀ ਹੈ, ਪਰ ਅਜਿਹੇ ਕੁਝ ਵਿਅਕਤੀ ਹਨ ਜੋ ਟੀਕਾਕਰਨ ਨਹੀਂ ਕਰਵਾ ਸਕਦੇ ਅਤੇ ਕੁਝ ਲੋਕਾਂ ਲਈ ਟੀਕਾਕਰਨ ਘੱਟ ਅਸਰਦਾਰ ਹੈ। ਇਸ ਲਈ ਕੁਝ ਵਸਨੀਕਾਂ ਨੂੰ ਕੋਵਿਡ-19 ਦੇ ਨਤੀਜਿਆਂ ਦਾ ਜ਼ਿਆਦਾ ਜੋਖਮ ਜਾਰੀ ਰਹੇਗਾ। ਇਸ ਵਾਰੀ ਸਰਦੀਆਂ ਵਿੱਚ, ਕੋਵਿਡ-19 ਅਤੇ ਫਲੂ ਦਾ ਸੰਭਾਵੀ ਤੌਰ 'ਤੇ ਸਾਂਝਾ ਰੂਪ ਕੇਅਰ ਹੋਮ ਦੇ ਵਸਨੀਕਾਂ ਲਈ ਜ਼ਿੰਦਗੀ ਨੂੰ ਖ਼ਤਰੇ ਵਿੱਚ ਪਾਏਗਾ, ਜਿਨ੍ਹਾਂ ਨੂੰ ਆਪਣੀ ਉਮਰ, ਚਿਰਕਾਲੀ ਅਤੇ ਗੰਭੀਰ ਬਿਮਾਰੀਆਂ, ਜਾਂ ਅਪਾਹਜਤਾ ਕਰਕੇ ਜ਼ਿਆਦਾ ਜੋਖਮ ਹੋ ਸਕਦਾ ਹੈ।

ਕੋਵਿਡ-19 ਵਿਰੁੱਧ ਟੀਕਾਕਰਨ ਇੱਕ ਬਿਹਤਰੀਨ ਤਰੀਕਾ ਹੈ ਜਿਸ ਨਾਲ ਕਰਮਚਾਰੀ ਖੁਦ ਨੂੰ ਅਤੇ ਆਪਣੇ ਵੱਲੋਂ ਦੇਖਭਾਲ ਕੀਤੇ ਜਾ ਰਹੇ ਵਿਅਕਤੀਆਂ ਨੂੰ ਵਾਇਰਸ ਦੇ ਅਸਰ ਤੋਂ ਸੁਰੱਖਿਅਤ ਰੱਖ ਸਕਦੇ ਹਨ। ਵਰਤਮਾਨ ਸਮੇਂ ਅਤੇ ਭਵਿੱਖ ਵਿੱਚ ਸਟਾਫ ਦੇ ਟੀਕਾਕਰਨ ਦੇ ਉੱਚੇ ਪੱਧਰਾਂ ਨੂੰ ਕਾਇਮ ਰੱਖਣਾ, ਕਿਉਂਕਿ ਲੋਕ ਵਰਕਫੋਰਸ ਵਿੱਚ ਦਾਖਲ ਹੋ ਰਹੇ ਹਨ, ਕੇਅਰ ਹੋਮਾਂ ਵਿੱਚ ਬਿਮਾਰੀ ਦੇ ਪ੍ਰਕੋਪਦੇ ਜੋਖਮ ਨੂੰ ਘਟਾਉਣ ਲਈ ਮਹੱਤਵਪੂਰਨ ਹੈ, ਜੋ ਉੱਚ-ਜੋਖਮ ਵਾਲੀਆਂ ਥਾਵਾਂ ਵਿੱਚ ਜਾਰੀ ਰਹਿੰਦਾ ਹੈ।

## ਕੋਵਿਡ-19 ਟੀਕਿਆਂ ਬਾਰੇ ਜਾਣਕਾਰੀ ਕਿੱਥੋਂ ਪ੍ਰਾਪਤ ਕਰਨੀ ਹੈ

ਇਨ੍ਹਾਂ ਨਵੇਂ ਵਿਨਿਯਮਾਂ ਦੇ ਲਾਗੂ ਹੋਣ ਦੇ ਸਮੇਂ ਵੱਲ ਵਧਣ ਦੇ ਨਾਲ, ਇਹ ਬਹੁਤ ਮਹੱਤਵਪੂਰਨ ਹੈ ਕਿ ਅਸੀਂ ਕੇਅਰ ਹੋਮ ਸਟਾਫ ਨੂੰ ਟੀਕਾ ਲਗਵਾਉਣ ਲਈ ਸਹਾਇਤਾ ਕਰਨ ਅਤੇ ਉਤਸ਼ਾਹਿਤ ਕਰਨ ਦੀਆਂ ਆਪਣੀਆਂ ਕੋਸ਼ਿਸ਼ਾਂ ਨੂੰ ਬਰਕਰਾਰ ਰੱਖੀਏ। ਸਾਨੂੰ ਪਤਾ ਹੈ ਕਿ ਭਰੋਸੇਮੰਦ ਸਾਥੀਆਂ ਜਾਂ ਡਾਕਟਰੀ ਪੇਸ਼ੇਵਰਾਂ ਨਾਲ ਵਾਰਤਾਲਾਪ ਅਸਲ ਅੰਤਰ ਲਿਆ ਸਕਦੇ ਹਨ। ਟੀਕੇ ਬਾਰੇ ਜਾਣਕਾਰੀ ਸਹਿਤ ਵੱਖ-ਵੱਖ ਪ੍ਰਕਾਸ਼ਤ ਸ੍ਰੋਤ ਹਨ ਜਿਨ੍ਹਾਂ ਨੂੰ ਉਨ੍ਹਾਂ ਮੁਸ਼ਕਿਲ ਵਾਰਤਾਲਾਪਾਂ ਵਾਸਤੇ ਸਹਾਇਤਾ ਲਈ ਵਰਤਿਆ ਜਾ ਸਕਦਾ ਹੈ, ਉਹ ਸਾਰੇ 19 ਵੱਖ-ਵੱਖ ਭਾਸ਼ਾਵਾਂ ਵਿੱਚ ਉਪਲਬਧ ਹਨ:

ਕੋਵਿਡ-19 ਟੀਕਾਕਰਨ: ਬਾਲਗਾਂ ਲਈ ਸੇਧ

ਕੋਵਿਡ-19 ਟੀਕਾਕਰਨ: ਟੀਕਾਕਰਨ ਤੋਂ ਬਾਅਦ ਕੀ ਆਸ ਕਰਨੀ ਹੈ

ਕੋਵਿਡ-19 ਟੀਕਾਕਰਨ ਅਤੇ ਖੂਨ ਦੇ ਗਤਲੇ ਬਣਨਾ

ਕੋਵਿਡ-19 ਟੀਕਾਕਰਨ: ਬੱਚਾ ਪੈਦਾ ਕਰਨ ਦੀ ਉਮਰ ਵਾਲੀਆਂ ਔਰਤਾਂ, ਜੋ ਇਸ ਸਮੇਂ ਗਰਭਵਤੀ ਹਨ ਜਾਂ ਬੱਚੇ ਨੂੰ ਆਪਣੀ ਛਾਤੀ ਨਾਲ ਦੁੱਧ ਚੁੰਘਾ ਰਹੀਆਂ ਹਨ

[ਕੋਵਿਡ-19 ਟੀਕਾਕਰਨ: ਅਸਾਨੀ ਨਾਲ ਪੜ੍ਹੇ ਜਾਣ ਵਾਲੇ ਕਿਤਾਬਚੇ]

[ਐੱਨ.ਐੱਚ. ਇੰਗਲੈਂਡ ਅਤੇ ਐੱਨ.ਐੱਚ.ਐੱਸ. ਇੰਪਰੂਵਮੈਂਟ ਲੰਡਨ: ਕੋਵਿਡ-19 ਟੀਕੇ ਦੀ ਸੰਚਾਰ ਸਾਮੱਗਰੀ] (ਵੱਖ-ਵੱਖ ਭਾਸ਼ਾਵਾਂ ਵਿੱਚ ਵੀਡੀਓ)

ਸਿਹਤ ਅਤੇ ਸਮਾਜਿਕ ਦੇਖਭਾਲ ਦੇ ਵਿਭਾਗ ਨੇ ਸ੍ਰੋਤਾਂ ਦਾ ਸੰਗ੍ਰਿਹ ਤਿਆਰ ਕੀਤਾ ਹੈ ਜਿਸ ਨੂੰ ਬਾਲਗ ਸਮਾਜਿਕ ਦੇਖਭਾਲ ਸੈਕਟਰ ਲਈ ਮੁਆਫ਼ਕ ਬਣਾਇਆ ਜਾਂਦਾ ਹੈ। ਪਬਲਿਕ ਹੈਲਥ ਇੰਗਲੈਂਡ ਦੇ ਕੰਪੇਨ ਰਿਸੋਰਸ ਸੈਂਟਰ 'ਤੇ ਇਹ ਆਨਲਾਈਨ ਉਪਲਬਧ ਹੈ: [ਬਾਲਗ ਸਮਾਜਿਕ ਦੇਖਭਾਲ ਲਈ ਵੈਕਸੀਨ ਕਮਿਊਨੀਕੇਸ਼ਨ ਟੂਲਕਿੱਟ]।

ਟੂਲਕਿੱਟ ਨੂੰ ਨਿਯਮਿਤ ਰੂਪ ਵਿੱਚ ਤਾਜ਼ਾ ਰੂਪ ਦਿੱਤਾ ਜਾਂਦਾ ਹੈ ਅਤੇ ਇਸ ਵਿੱਚ ਸ਼ਾਮਲ ਹੁੰਦਾ ਹੈ:

- ਕੋਵਿਡ-19 ਟੀਕਿਆਂ ਬਾਰੇ ਹਿੱਸੇਦਾਰ ਦੇ ਪ੍ਰਸ਼ਨ ਅਤੇ ਉੱਤਰ
- ਸੇਧ ਅਤੇ ਸ੍ਰੋਤ ਟੀਕਿਆਂ ਬਾਰੇ ਆਮ ਚਿੰਤਾਵਾਂ ਨੂੰ ਨਜਿੱਠਦੇ ਹਨ, ਜਿਵੇਂ ਕਿ ਜਣਨ-ਸਮਰੱਥਾ, ਸਾਮੱਗਰੀ, ਅਲਰਜੀਆਂ ਅਤੇ ਡਿਲੀਵਰੀ ਦੀ ਰਫ਼ਤਾਰ
- ਇਸ ਬਾਰੇ ਸਲਾਹ ਕਿ ਲੋਕਾਂ ਨੂੰ ਟੀਕਾ ਲਗਾਉਣ ਬਾਰੇ ਕਿਵੇਂ ਤਸੱਲੀ ਦੁਆਉਣੀ ਹੈ
- ਕਲਿਨਿਕ ਮਾਹਰਾਂ ਵੱਲੋਂ ਵੈਕਸੀਨਾਂ ਦੀ ਚਰਚਾ ਕਰਨ ਲਈ ਵੀਡੀਓ ਕਲਿਪਾਂ
- ਵੀਡੀਓ ਕਲਿਪਾਂ ਅਤੇ ਸੋਸ਼ਲ ਕੇਅਰ ਵਰਕਰਾਂ ਦੀਆਂ ਕੇਸ ਸਟੱਡੀਜ਼ ਜੋ ਟੀਕਾਰਕਰਨ ਦੀਆਂ ਆਪਣੀਆਂ ਕਹਾਣੀਆਂ ਸਾਂਝੀਆਂ ਕਰ ਰਹੇ ਹਨ।

[ਕਮਿਊਨਿਟੀ ਚੈਂਪੀਅਨਜ਼ ਪ੍ਰੋਗਰਾਮ] ਰਾਹੀਂ ਸਹਾਇਤਾ ਵੀ ਉਪਲਬਧ ਹੈ ਜਿਸ ਨੇ ਇੰਗਲੈਂਡ ਭਰ ਵਿੱਚ 60 ਕੌਂਸਲਾਂ ਅਤੇ ਸਵੈ-ਸੇਵੀ ਸਮੂਹਾਂ ਲਈ £23.7 ਮਿਲੀਅਨ ਦੀ ਫੰਡਿੰਗ ਨਿਰਧਾਰਤ ਕੀਤੀ ਹੈ। ਕਮਿਊਨਿਟੀ ਚੈਂਪੀਅਨ (ਭਾਈਚਾਰਕ ਸਮਰੱਥਕ) ਵੈਕਸੀਨ ਵਿੱਚ ਵਿਸ਼ਵਾਸ ਵਧਾਉਣ ਲਈ ਕੋਵਿਡ-19 ਕਰਕੇ ਬਹੁਤ ਜ਼ਿਆਦਾ ਪ੍ਰਭਾਵਿਤ ਹੋਏ ਭਾਈਚਾਰਿਆਂ ਨਾਲ ਸਿੱਧੇ ਤੌਰ 'ਤੇ ਕੰਮ ਕਰਦੇ ਹਨ। ਐੱਨ.ਐੱਚ.ਐੱਸ. ਅਤੇ ਜਨ ਸਿਹਤ ਟੀਮਾਂ ਨਾਲ ਮਿਲ ਕੇ, ਉਹ ਪਹੁੰਚ ਤੱਕ ਰੁਕਾਵਟਾਂ ਦੂਰ ਕਰਨ ਲਈ ਪ੍ਰਸ਼ਨਾਂ ਦਾ ਉੱਤਰ ਦੇਣ ਅਤੇ ਟੀਕੇ ਬਾਰੇ ਸੂਚਿਤ ਫੈਸਲੇ ਲੈਣ ਵਾਸਤੇ ਸਹਾਇਤਾ ਲਈ ਕੰਮ ਕਰਦੇ ਹਨ।

ਟੀਕਾ ਲਗਵਾਉਣ ਦੇ ਕਾਰਜ ਨੂੰ ਅੱਗੇ ਵਧਾਉਣ ਦੇ ਚਲ ਰਹੇ ਕੰਮ ਦੇ ਪ੍ਰੋਗਰਾਮ, ਜਿਸ ਵਿੱਚ ਪਹੁੰਚ ਵਿੱਚ ਸੁਧਾਰ ਕਰਨਾ ਅਤੇ ਟੀਕਾ ਲਗਾਉਣ ਲਈ ਅਣਇੱਛੁਕ ਵਿਅਕਤੀਆਂ ਦੀ ਚਿੰਤਾਵਾਂ ਨੂੰ ਨਜਿੱਠਣਾ ਸ਼ਾਮਲ ਹਨ, ਦਾ ਵਰਨਣ ਵਿੱਚ [ਯੂ.ਕੇ. ਕੋਵਿਡ-19 ਟੀਕਾਕਰਨ ਲਗਵਾਉਣ ਦੀ ਯੋਜਨਾ] ਵਿੱਚ ਕੀਤਾ ਜਾਂਦਾ ਹੈ (13 ਫਰਵਰੀ 2021 ਨੂੰ ਪ੍ਰਕਾਸ਼ਿਤ ਕੀਤੀ ਗਈ)

# ਨੀਤੀ

## ਵਿਨਿਯਮਾਂ ਦਾ ਸਾਰ

ਵਿਨਿਯਮ ਇਹ ਜ਼ਰੂਰੀ ਬਣਾਉਂਦੇ ਹਨ ਕਿ ਉਨ੍ਹਾਂ ਲੋਕਾਂ ਦੀ ਰਿਹਾਇਸ਼, ਜਿਨ੍ਹਾਂ ਨੂੰ ਕੇਅਰ ਹੋਮ ਵਿੱਚ ਤੀਮਾਰਦਾਰੀ ਜਾਂ ਨਿੱਜੀ ਦੇਖਭਾਲ ਦੀ ਲੋੜ ਹੁੰਦੀ ਹੈ, ਲਈ ਸੀ.ਕਿਊ.ਸੀ. ਨਾਲ ਰਜਿਸਟਰ ਹੋਏ ਸੇਵਾ ਪ੍ਰਦਾਤਾਵਾਂ (ਜਾਂ ਰਜਿਸਟਰ ਹੋਏ ਮੈਨੇਜਰਾਂ) ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇੱਕ ਵਿਅਕਤੀ ਉਦੋਂ ਤੱਕ ਕੇਅਰ ਹੋਮ ਵਿੱਚ ਦਾਖਲ ਨਾ ਹੋਵੇ ਜਦੋਂ ਤੱਕ:

- ਵਿਅਕਤੀ ਰਜਿਸਟਰ ਹੋਏ ਵਿਅਕਤੀ (ਇੱਕ ਵਸਨੀਕ) ਵੱਲੋਂ ਵਰਤੇ ਜਾਂਦੇ ਕੇਅਰ ਹੋਮ ਵਿੱਚ ਨਹੀਂ ਰਹਿੰਦਾ - 'ਰਜਿਸਟਰ ਹੋਏ ਵਿਅਕਤੀ' ਦਾ ਅਰਥ ਨਿਯੰਤ੍ਰਿਤ ਗਤੀਵਿਧੀ ਦੇ ਸਬੰਧ ਵਿੱਚ ਇੱਕ ਮੈਨੇਜਰ ਜਾਂ ਸੇਵਾ ਪ੍ਰਦਾਤਾ ਵੱਜੋਂ ਸੀ.ਕਿਊ.ਸੀ. ਨਾਲ ਰਜਿਸਟਰ ਹੋਇਆ ਵਿਅਕਤੀ - ਇਸ ਮਾਮਲੇ ਵਿੱਚ, ਵਿਅਕਤੀਆਂ ਲਈ ਰਿਹਾਇਸ਼ ਦੀ ਵਿਵਸਥਾ ਲਈ ਨਿਯੰਤ੍ਰਿਤ ਗਤੀਵਿਧੀ ਵਾਸਤੇ ਤੀਮਾਰਦਾਰੀ ਜਾਂ ਨਿੱਜੀ ਦੇਖਭਾਲ ਦੀ ਲੋੜ ਹੁੰਦੀ ਹੈ

- ਵਿਅਕਤੀ ਨੇ ਰਜਿਸਟਰਹ ਹੋਏ ਵਿਅਕਤੀ (ਜਾਂ ਰਜਿਸਟਰ ਹੋਏ ਵਿਅਕਤੀ ਤਰਫੋਂ ਕਾਰਵਾਈ ਕਰਨ ਵਾਲੇ ਵਿਅਕਤੀਆਂ) ਨੂੰ ਇਸ ਬਾਰੇ ਤਸੱਲੀਬਖ਼ਸ਼ ਸਬੂਤ ਮੁਹੱਈਆ ਕੀਤਾ ਹੈ:
    - ਉਨ੍ਹਾਂ ਦਾ ਅਧਿਕਾਰਤ ਟੀਕੇ ਦੇ ਮੁਕੰਮਲ ਕੋਰਸ ਨਾਲ ਟੀਕਾਕਰਨ ਕੀਤਾ ਗਿਆ ਹੈ (ਵਿਅਕਤੀ ਇਸ ਗੱਲ ਦਾ ਸਬੂਤ ਮੁਹੱਈਆ ਕਰ ਸਕਦਾ ਹੈ ਕਿ ਉਨ੍ਹਾਂ ਦਾ ਪੂਰੀ ਤਰ੍ਹਾਂ ਨਾਲ ਟੀਕਾਕਰਨ ਹੋਇਆ ਹੈ)
    - ਉਨ੍ਹਾਂ ਦਾ ਕਲਿਨਿਕਲ ਕਾਰਨਾਂ ਕਰਕੇ, ਟੀਕਾਕਰਨ ਨਹੀਂ ਕਰਨਾ ਚਾਹੀਦਾ (ਵਿਅਕਤੀ ਨੂੰ ਡਾਕਟਰੀ ਕਾਰਨਾਂ ਕਰਕੇ ਛੋਟ ਹੈ) -ਅਗਲੇਰਾ ਵੇਰਵਾ ਅੱਗੇ ਹੈ
- ਕੇਅਰ ਹੋਮ ਵਿੱਚ ਵਿਅਕਤੀ ਨੂੰ ਐਮਰਜੈਂਸੀ ਸਹਾਇਤਾ ਮੁਹੱਈਆ ਕਰਨੀ ਵਾਜਬ ਤੌਰ 'ਤੇ ਜ਼ਰੂਰੀ ਹੈ (ਅਗਲੇਰਾ ਵੇਰਵਾ ਹੇਠਾਂ ਦਿੱਤਾ ਹੈ)
- ਕੇਅਰ ਹੋਮ ਵਿੱਚ ਵਿਅਕਤੀ ਨੂੰ ਅਤਿ-ਜ਼ਰੂਰੀ ਸਾਂਭ-ਸੰਭਾਲ ਲਈ ਸਹਾਇਤਾ ਮੁਹੱਈਆ ਕਰਨੀ ਵਾਜਬ ਤੌਰ 'ਤੇ ਜ਼ਰੂਰੀ ਹੈ (ਅਗਲੇਰਾ ਵੇਰਵਾ ਹੇਠਾਂ ਦਿੱਤਾ ਹੈ)
- ਉਹ ਵਿਅਕਤੀ ਆਪਣੀਆਂ ਡਿਊਟੀਆਂ ਦੀ ਪਾਲਣਾ ਲਈ ਐਮਰਜੈਂਸੀ ਸੇਵਾਵਾਂ ਦਾ ਇੱਕ ਮੈਂਬਰ ਹੈ (ਅਗਲੇਰਾ ਵੇਰਵਾ ਹੇਠਾਂ ਦਿੱਤਾ ਹੈ)
- ਵਿਅਕਤੀ ਵਸਨੀਕ ਨਾਲ ਮੁਲਾਕਾਤ ਕਰਨ ਵਾਲੇ ਵਸਨੀਕ ਦਾ ਇੱਕ ਦੋਸਤ ਜਾਂ ਰਿਸ਼ਤੇਦਾਰ ਹੈ ((ਅਗਲੇਰਾ ਵੇਰਵਾ ਹੇਠਾਂ ਦਿੱਤਾ ਹੈ - ਇਸ ਵਿੱਚ ਅਵੇਤਨੀ ਦੇਖਭਾਲਕਰਤਾ ਜਾਂ ਨਿਯਤ ਕੀਤੇ ਜ਼ਰੂਰੀ ਦੇਖਭਾਲਕਰਤਾ ਵੀ ਸ਼ਾਮਲ ਹਨ)
- ਵਿਅਕਤੀ ਉਸ ਵਸਨੀਕ ਨਾਲ ਮੁਲਾਕਾਤ ਕਰਨ ਜਾ ਰਿਹਾ ਹੈ ਜੋ ਮਰ ਰਿਹਾ ਹੈ (ਅਗਲੇਰਾ ਵੇਰਵਾ ਹੇਠਾਂ ਦਿੱਤਾ ਹੈ)
- ਇਹ ਵਿਅਕਤੀ ਲਈ ਵਾਜਬ ਤੌਰ 'ਤੇ ਜ਼ਰੂਰੀ ਹੈ ਕਿ ਉਹ ਇੱਕ ਰਿਸ਼ਤੇਦਾਰ ਜਾਂ ਦੋਸਤ ਦੀ ਮੌਤ ਤੋਂ ਬਾਅਦ ਵਸਨੀਕ ਦੇ ਸੋਗ ਦੇ ਸਬੰਧ ਵਿੱਚ ਵਸਨੀਕ ਨੂੰ ਦਿਲਾਸਾ ਦੇਵਾ ਜਾਂ ਉਸ ਦੀ ਸਹਾਇਤਾ ਕਰੇ (ਅਗਲੇਰਾ ਵੇਰਵਾ ਹੇਠਾਂ ਦਿੱਤਾ ਹੈ)
- ਵਿਅਕਤੀ ਦੀ ਉਮਰ 18 ਸਾਲ ਤੋਂ ਘੱਟ ਹੈ (ਅਗਲੇਰਾ ਵੇਰਵਾ ਹੇਠਾਂ ਦਿੱਤਾ ਹੈ)

ਟੀਕਾਕਰਨ ਦੀ ਜ਼ਰੂਰਤ ਸਿਰਫ ਉਨ੍ਹਾਂ ਵਿਅਕਤੀਆਂ ਉੱਤੇ ਲਾਗੂ ਹੁੰਦੀ ਹੈ ਜੋ ਦੇਖਭਾਲ ਵਾਲੀ ਥਾਂ ਦੇ ਅੰਦਰ ਜਾਂਦੇ ਹਨ ( 'ਕੇਅਰ ਹੋਮ' ਦੀ ਪਰਿਭਾਸ਼ਾ ਵਿੱਚ ਕੋਈ ਆਸ-ਪਾਸ ਦੇ ਮੈਦਾਨ ਸ਼ਾਮਲ ਨਹੀਂ ਹੁੰਦੇ)। ਜਦੋਂ ਤੱਕ ਕੋਈ ਇਮਾਰਤ ਵਿੱਚ ਦਾਖਲ ਨਹੀਂ ਹੁੰਦਾ, ਉਨ੍ਹਾਂ ਨੂੰ ਟੀਕਾਕਰਨ ਦੀ ਸਥਿਤੀ ਦਿਖਾਉਣ ਦੀ ਲੋੜ ਨਹੀਂ ਹੋਵੇਗੀ।

## ਰਜਿਸਟਰ ਹੋਏ ਵਿਅਕਤੀ

ਰਜਿਸਟਰ ਹੋਇਆ ਵਿਅਕਤੀ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੈ ਕੇਅਰ ਹੋਮ ਵਿੱਚ ਦਾਖਲ ਹੋਣ ਵਾਲੇ ਹਰੇਕ ਵਿਅਕਤੀ ਦਾ ਜਾਂ ਤਾਂ ਟੀਕਾਕਰਨ ਹੋਇਆ ਹੁੰਦਾ ਹੈ ਜਾਂ ਇਸ ਤੋਂ ਛੋਟ ਮਿਲੀ ਹੁੰਦੀ ਹੈ।

ਰਜਿਸਟਰ ਹੋਇਆ ਵਿਅਕਤੀ ਉਹ ਵਿਅਕਤੀ ਹੋਵੇਗਾ ਜੋ ਇੱਕ ਮੈਨੇਜਰ ਜਾਂ ਸੇਵਾ ਪ੍ਰਦਾਤਾ ਵੱਜੋਂ ਸੀ.ਕਿਉ.ਸੀ. ਨਾਲ ਰਜਿਸਟਰ ਹੈ।

ਰਜਿਸਟਰ ਹੋਇਆ ਵਿਅਕਤੀ ਨਿਯਮਾਂ ਦੀ ਪਾਲਣਾ ਕਰਨ ਵਿੱਚ ਮਦਦ ਲਈ ਕੁਝ ਖਾਸ ਕਾਰਜਾਂ ਨੂੰ ਪੂਰਾ ਕਰਨ ਲਈ ਕਿਸੇ ਹੋਰ ਵਿਅਕਤੀ ਲਈ ਇੰਤਜਾਮ ਕਰ ਸਕਦੇ ਹਨ। ਹਾਲਾਂਕਿ ਇਹ ਸਵੀਕਾਰਨਯੋਗ ਹੈ, ਪਰ ਰਜਿਸਟਰ ਹੋਇਆ ਵਿਅਕਤੀ ਉਹ ਵਿਅਕਤੀ ਹੁੰਦਾ ਹੈ ਜੋ ਵਿਨਿਯਮਾਂ ਦੀ ਪਾਲਣਾ ਲਈ ਕਾਨੂੰਨੀ ਤੌਰ 'ਤੇ ਜ਼ਿੰਮੇਵਾਰ ਰਹਿੰਦਾ ਹੈ।

ਇਸ ਬਾਰੇ ਜਾਣਕਾਰੀ ਹੈ ਕਿ ਇਸ ਜ਼ਰੂਰਤ ਦਾ ਰਜਿਸਟਰ ਹੋਏ ਵਿਅਕਤੀ ਲਈ ਕੀ ਅਰਥ ਹੈ।

## ਬੂਸਟਰ ਡੋਜ਼

ਬੂਸਟਰ ਡੋਜ਼ ਇਸ ਸਮੇਂ ਵਿਨਿਯਮਾਂ ਵਿੱਚ ਸ਼ਾਮਲ ਨਹੀਂ ਹਨ, ਪਰ ਮੈਨੇਜਰਾਂ ਨੂੰ ਪੁਰਜੋਰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਕਰਮਚਾਰੀਆਂ ਨੂੰ ਯੋਗਤਾ ਪੂਰੀ ਕਰਨ 'ਤੇ ਬੂਸਟਰ ਵੈਕਸੀਨ ਲਗਵਾਉਣ ਲਈ ਉਤਸ਼ਾਹਿਤ ਕਰਨ, ਅਤੇ ਬੂਸਟਰ ਵੈਕਸੀਨਾਂ ਲਈ ਵਿਵਸਥਾ ਨੂੰ ਭਵਿੱਖ ਵਿੱਚ ਵਿਨਿਯਮਾਂ ਅੰਦਰ ਜੋੜਿਆ ਜਾ ਸਕਦਾ ਹੈ।

## ਵਸਨੀਕ

ਜੇਕਰ ਕੋਈ ਵਿਅਕਤੀ ਵਸਨੀਕ ਹੈ ਜਾਂ ਇੱਕ ਵਸਨੀਕ ਵੱਜੋਂ ਦਾਖਲ ਹੋ ਰਿਹਾ ਹੈ, ਤਾਂ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਨਾਲ ਵਾਲੇ ਦੋਸਤ ਜਾਂ ਰਿਸ਼ਤੇਦਾਰ ਨੂੰ ਟੀਕਾਕਰਨ ਦਾ ਸਬੂਤ ਦੇਣ ਦੀ ਲੋੜ ਨਹੀਂ ਹੋਵੇਗੀ।

ਪਰ, ਅਸੀਂ ਕੇਅਰ ਹੋਮਾਂ ਵਿੱਚ ਰਹਿਣ ਵਾਲੇ ਵਿਅਕਤੀਆਂ ਨੂੰ ਛੇਤੀ ਤੋਂ ਛੇਤੀ ਟੀਕਾਕਰਨ ਕਰਵਾਉਣ ਲਈ ਉਤਸ਼ਾਹਿਤ ਕਰਨਾ ਜਾਰੀ ਰੱਖਾਂਗੇ, ਐੱਨ.ਐੱਚ.ਐੱਸ. ਦੇ ਸਹਿਕਰਮੀਆਂ ਵੱਲੋਂ ਕੇਅਰ ਹੋਮਾਂ ਵਿੱਚ ਪਹਿਲਾਂ ਤੋਂ ਕੀਤੇ ਵਾਰ-ਵਾਰ ਦੌਰਿਆਂ ਵਿੱਚ ਵਾਧਾ ਕਰਾਂਗੇ।

ਵਿਨਿਯਮਾਂ ਲਈ ਜ਼ਰੂਰੀ ਹੈ ਕਿ ਸੰਭਾਵੀ ਵਸਨੀਕ ਅਤੇ ਕੇਅਰ ਹੋਮਾਂ ਵਿੱਚ ਮੁਲਾਕਾਤ ਲਈ ਜਾਣ ਵਾਲੇ ਉਨ੍ਹਾਂ ਦੇ ਪਰਿਵਾਰ ਟੀਕਾਕਰਨ ਦਾ ਸਬੂਤ ਜਾਂ ਡਾਕਟਰੀ ਛੋਟ ਮੁਹੱਈਆ ਕਰਨ। ਕੇਅਰ ਹੋਮ ਮੈਨੇਜਰ ਕਿਸੇ ਵੀ ਸੰਭਾਵੀ ਵਸਨੀਕਾਂ, ਜਿਨ੍ਹਾਂ ਨੇ ਟੀਕਾਕਰਨ ਨਹੀਂ ਕਰਵਾਇਆ, ਲਈ ਵੀਡੀਓ ਲਿੰਕ ਰਾਹੀਂ ਦੂਰੋਂ ਮੁਲਾਕਾਤਾਂ ਬਾਰੇ ਵਿਚਾਰ ਕਰ ਸਕਦਾ ਹੈ ਅਸੀਂ ਸੰਭਾਵੀ ਵਸਨੀਕਾਂ ਲਈ ਇਸ ਪਾਬੰਦੀ ਦੇ ਅਸਰ ਦਾ ਨਿਰੀਖਣ ਕਰਾਂਗੇ।

## ਐਮਰਜੈਂਸੀ ਸਹਾਇਤਾ

ਜੇਕਰ ਕੋਈ ਵਿਅਕਤੀ ਕੇਅਰ ਹੋਮ ਵਿੱਚ ਘਟਨਾ ਲਈ ਜਾਂ ਗੁਆਂਢ ਵਾਲੀ ਇਮਾਰਤ ਵਿੱਚ ਇੱਕ ਘਟਨਾ (ਮਿਸਾਲ ਲਈ ਅੱਗ ਲੱਗਣ ਦੀ ਪ੍ਰਤੀਕਿਰਿਆ ਲਈ ਪਹੁੰਚ ਦੀ ਲੋੜ ਹੈ) ਦੇ ਸਬੰਧ ਵਿੱਚ ਐਮਰਜੈਂਸੀ ਸਹਾਇਤਾ ਲਈ ਕੇਅਰ ਹੋਮ ਵਿੱਚ ਦਾਖਲ ਹੋ ਰਿਹਾ ਹੈ, ਤਾਂ ਉਨ੍ਹਾਂ ਨੂੰ ਟੀਕਾਕਰਨ ਜਾਂ ਡਾਕਟਰੀ ਛੋਟ ਦਾ ਸਬੂਤ ਦਿਖਾਉਣ ਦੀ ਲੋੜ ਨਹੀਂ ਹੋਵੇਗਾ।

ਇਹ ਰਜਿਸਟਰ ਹੋਏ ਵਿਅਕਤੀ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਗੱਲ ਦਾ ਨਿਰਧਾਰਨ ਕਰਨ ਲਈ ਹੇਠਾਂ ਦਿੱਤੀ ਸੇਧ ਮੁਤਾਬਕ ਆਪਣੀ ਪੇਸ਼ੇਵਰਾਨਾ ਪਰਖ ਦੀ ਵਰਤੋਂ ਕਰੇ ਕਿ ਕੀ ਇੱਕ ਸਥਿਤੀ ਐਮਰਜੈਂਸੀ ਵਾਲੀ ਹੈ। ਰਜਿਸਟਰ ਹੋਏ ਵਿਅਕਤੀਆਂ ਤੋਂ ਆਸ ਕੀਤੀ ਜਾਵੇਗੀ ਕਿ ਉਹ ਸਾਰੀਆਂ ਐਮਰਜੈਂਸੀ ਸਥਿਤੀਆਂ ਦਾ ਲੌਗ ਰੱਖਣ, ਜਿਨ੍ਹਾਂ ਵਿੱਚ ਪ੍ਰਸਥਿਤੀਆਂ ਦੇ ਵੇਰਵੇ ਸ਼ਾਮਲ ਹਨ, ਜਿਸ ਦੌਰਾਨ ਵਿਅਕਤੀ ਟੀਕਾਕਰਨ ਜਾਂ ਛੋਟ ਦਾ ਸਬੂਤ ਦਿਖਾਏ ਬਗੈਰ ਘਰ (ਕੇਅਰ ਹੋਮ) ਵਿੱਚ ਦਾਖਲ ਹੋਏ ਸਨ।

ਇੱਕ ਐਮਰਜੈਂਸੀ ਸਥਿਤੀ ਵਿੱਚ ਸ਼ਾਮਲ ਹੋ ਸਕਦਾ ਹੈ (ਪਰ ਜੋ ਇੱਥੋਂ ਤੱਕ ਸੀਮਤ ਨਹੀਂ ਹੈ):

- ਆਮ ਲੋਕ ਜੋ ਹੜ੍ਹ ਜਾਂ ਅੱਗ ਲਗਣ ਦੀ ਘਟਨਾ ਲਈ ਸਹਾਇਤਾ ਕਰ ਰਹੇ ਹਨ
- ਸੋਸ਼ਲ ਵਰਕਰ ਜੋ ਫੌਰੀ ਸੁਰੱਖਿਆ ਚਿੰਤਾਵਾਂ ਲਈ ਪ੍ਰਤੀਕਿਰਿਆ ਪ੍ਰਗਟ ਕਰ ਰਹੇ ਹਨ

## ਐਮਰਜੈਂਸੀ ਸੇਵਾਵਾਂ

ਐਮਰਜੈਂਸੀ ਸਹਾਇਤਾ ਮੁਹੱਈਆ ਕਰਨ ਤੋਂ ਇਲਾਵਾ, ਕੇਅਰ ਹੋਮ ਵਿੱਚ ਆਪਣੀਆਂ ਡਿਊਟੀਆਂ ਦਾ ਨਿਭਾਅ ਕਰਨ ਲਈ ਆ ਰਹੇ ਐਮਰਜੈਂਸੀ ਸੇਵਾਵਾਂ ਦੇ ਸਟਾਫ ਨੂੰ ਜ਼ਰੂਰਤ ਤੋਂ ਛੋਟ ਹੁੰਦੀ ਹੈ।

ਇਸ ਵਿੱਚ ਸ਼ਾਮਲ ਹੈ:

- ਅੱਗ ਅਤੇ ਬਚਾਅ ਸੇਵਾਵਾਂ ਦੇ ਮੈਂਬਰ ਆਪਣੀਆਂ ਡਿਊਟੀਆਂ ਦੇ ਨਿਭਾਅ ਲਈ ਕੇਅਰ ਹੋਮ ਵਿੱਚ ਆ ਰਹੇ ਹਨ।
- ਪੁਲਿਸ ਸੇਵਾ ਦੇ ਮੈਂਬਰ ਆਪਣੀਆਂ ਡਿਊਟੀਆਂ ਦੇ ਨਿਭਾਅ ਲਈ ਕੇਅਰ ਹੋਮ ਵਿੱਚ ਆ ਰਹੇ ਹਨ।
- ਐਮਰਜੈਂਸੀ ਪ੍ਰਤੀਕਿਰਿਆ ਲਈ ਸਿਹਤ ਸੇਵਾ ਦੇ ਤੈਨਾਤ ਕੀਤੇ ਮੈਂਬਰ

## ਦੋਸਤ, ਰਿਸ਼ਤੇਦਾਰ ਅਤੇ ਜ਼ਰੂਰੀ ਦੇਖਭਾਲਕਰਤਾ

ਦੋਸਤਾਂ, ਪਰਿਵਾਰ (ਜੋ ਅਵੇਤਨੀ ਦੇਖਭਾਲਕਰਤਾ ਵੀ ਹੋ ਸਕਦੇ ਹਨ) ਅਤੇ ਜ਼ਰੂਰੀ ਦੇਖਭਾਲਕਰਤਾਵਾਂ ਨੂੰ ਟੀਕਾਕਰਨ ਜਾਂ ਡਾਕਟਰੀ ਛੋਟ ਦਾ ਸਬੂਤ ਦਿਖਾਉਣ ਦੀ ਲੋੜ ਨਹੀਂ ਹੋਵੇਗੀ।

ਕੇਅਰ ਹੋਮਾਂ ਵਿੱਚ ਰਹਿ ਰਹੇ ਲੋਕਾਂ ਦੀ ਸਿਹਤ ਅਤੇ ਭਲਾਈ ਲਈ ਪਰਿਵਾਰ ਅਤੇ ਦੋਸਤਾਂ ਦੀਆਂ ਮੁਲਾਕਾਤਾਂ ਅਹਿਮ ਹਨ। ਇਹ ਵਸਨੀਕਾਂ ਲਈ ਗ਼ੈਰ-ਮੁਨਾਸਬ ਢੰਗ ਨਾਲ ਨੁਕਸਾਨਦੇਹ ਹੋਵੇਗਾ ਕਿ ਉਨ੍ਹਾਂ ਨੂੰ ਆਪਣੇ ਪਿਆਰਿਆਂ ਨਾਲ ਸੰਪਰਕ, ਅਤੇ ਉਨ੍ਹਾਂ ਦੀ ਦੇਖਭਾਲ ਤੋਂ ਵਾਂਝਾ ਕੀਤਾ ਜਾਵੇ।

ਲਾਗ ਦੀ ਰੋਕਥਾਮ ਅਤੇ ਨਿਯੰਤ੍ਰਣ ਉਪਾਅ, ਜੋ ਤੈਅ ਕਰਨੇ ਚਾਹੀਦੇ ਹਨ, ਬਾਰੇ ਸਰਕਾਰੀ ਸੇਧ ਦੀ ਪਾਲਣਾ ਕਰਨੀ ਚਾਹੀਦੀ ਹੈ

## ਅਤਿ-ਜ਼ਰੂਰੀ ਸਾਂਭ-ਸੰਭਾਲ ਦਾ ਕੰਮ

ਜੇਕਰ ਕੰਮ ਸਿਰਫ ਕੇਅਰ ਹੋਮ ਦੇ ਬਾਹਰ ਕੀਤਾ ਜਾ ਰਿਹਾ ਹੈ ਅਤੇ ਸਾਂਭ-ਸੰਭਾਲ ਕਰਨ ਵਾਲੇ ਵਿਅਕਤੀਆਂ ਨੂੰ ਕੇਅਰ ਹੋਮ ਵਿੱਚ ਦਾਖਲ ਹੋਣ ਦੀ ਲੋੜ ਨਹੀਂ ਹੁੰਦੀ, ਤਾਂ ਫੇਰ ਇਨ੍ਹਾਂ ਵਿਅਕਤੀਆਂ ਨੂੰ ਟੀਕਾਕਰਨ ਜਾਂ ਡਾਕਟਰੀ ਛੋਟ ਦਾ ਸਬੂਤ ਦਿਖਾਉਣ ਦੀ ਲੋੜ ਨਹੀਂ ਹੁੰਦੀ।

ਜੇਕਰ ਕੇਅਰ ਹੋਮ ਦੇ ਅੰਦਰ ਕੰਮ ਦੀ ਲੋੜ ਹੈ, ਤਾਂ ਫੇਰ ਸਾਂਭ-ਸੰਭਾਲ ਕਰਨ ਵਾਲੇ ਵਿਅਕਤੀਆਂ ਨੂੰ ਟੀਕਾਕਰਨ ਜਾਂ ਡਾਕਟਰੀ ਛੋਟ ਦਾ ਸਬੂਤ ਦਿਖਾਉਣ ਦੀ ਲੋੜ ਹੋਵੇਗੀ।

ਪਰ, ਜੇਕਰ ਜ਼ਿੰਦਗੀ ਦੇ ਜੋਖਮ ਜਾਂ ਦੇਖਭਾਲ ਦੀ ਲਗਾਤਾਰਤਾ ਦੀ ਸੂਰਤ ਵਿੱਚ ਅਤਿ-ਜ਼ਰੂਰੀ ਸਾਂਭ-ਸੰਭਾਲ ਦੇ ਕੰਮ ਦੀ ਲੋੜ ਹੈ, ਤਾਂ ਕਰਮਚਾਰੀਆਂ ਨੂੰ ਇਨ੍ਹਾਂ ਜ਼ਰੂਰਤਾਂ ਤੋਂ ਛੋਟ ਹੁੰਦੀ ਹੈ। ਇਸ ਵਿੱਚ ਸ਼ਾਮਲ ਹੋ ਸਕਦਾ ਹੈ (ਪਰ ਜੋ ਇੱਥੋਂ ਤੱਕ ਸੀਮਤ ਨਹੀਂ):

- ਗੈਸ, ਬਿਜਲੀ ਜਾਂ ਪਾਣੀ ਦੀ ਸਪਲਾਈ ਦਾ ਨਾਕਾਮ ਹੋਣਾ ਜਾਂ ਟੁੱਟਣਾ
- ਬਿਜਲੀ ਦਾ ਖ਼ਤਰਨਾਕ ਨੁਕਸ
- ਅੱਗ, ਹੜ੍ਹ, ਤੂਫ਼ਾਨ ਜਾਂ ਧਮਾਕੇ ਕਾਰਨ ਹੋਇਆ ਗੰਭੀਰ ਨੁਕਸਾਨ
- ਪਾਣੀ ਦੇ ਫੁੱਟਣ ਸਬੰਧੀ ਸੇਵਾ
- ਛੱਤ ਵਿੱਚ ਗੰਭੀਰ ਰਿਸਾਵ
- ਗੈਸ ਰਿਸਾਵ
- ਕੇਅਰ ਹੋਮ ਵਿੱਚ ਕੋਈ ਨੁਕਸ ਜਾਂ ਨੁਕਸਾਨ ਜੋ ਕੇਅਰ ਹੋਮ ਨੂੰ ਅਸੁਰੱਖਿਅਤ ਕਰਦਾ ਹੈ ਜਾਂ ਸੰਕਟ ਵਿੱਚ ਪਾਉਂਦਾ ਹੈ
- ਲਿਫ਼ਟ ਜਾਂ ਪੌੜੀਆਂ ਵਿੱਚ ਗੰਭੀਰ ਨੁਕਸ

ਇਹ ਮੈਨੇਜਰ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਗੱਲ ਦਾ ਨਿਰਧਾਰਨ ਕਰਨ ਲਈ ਆਪਣੀ ਪੇਸ਼ੇਵਰਾਨਾ ਪਰਖ ਦੀ ਵਰਤੋਂ ਕਰੇ ਕਿ ਕੀ ਇੱਕ ਸਥਿਤੀ ਲਈ ਅਤਿ-ਜ਼ਰੂਰੀ ਸਾਂਭ-ਸੰਭਾਲ ਦੇ ਕੰਮ ਦੀ ਜ਼ਰੂਰਤ ਹੈ। ਮੈਨੇਜਰਾਂ ਤੋਂ ਆਸ ਕੀਤੀ ਜਾਵੇਗੀ ਕਿ ਉਹ ਅਤਿ-ਜ਼ਰੂਰੀ ਸਾਂਭ-ਸੰਭਾਲ ਦੇ ਸਾਰੇ ਕੰਮ ਦਾ ਲੌਗ ਰਿਕਾਰਡ ਰੱਖਣ, ਜਿਸ ਦੌਰਾਨ ਵਿਅਕਤੀ ਟੀਕਾਕਰਨ ਜਾਂ ਛੋਟ ਦਾ ਸਬੂਤ ਦਿਖਾਏ ਬਗੈਰ ਘਰ (ਕੇਅਰ ਹੋਮ) ਵਿੱਚ ਦਾਖਲ ਹੋਏ ਸਨ, ਅਤੇ ਰਿਕਾਰਡ ਰੱਖਣ ਦੇ ਉਦੇਸ਼ਾਂ ਲਈ ਘਟਨਾ ਦਾ ਸੰਖੇਪ ਵਿਵਰਨ ਵੀ ਰੱਖਣ।

## ਮੌਤ ਅਤੇ ਸੋਗ

ਲੋਕਾਂ ਨੂੰ ਉਸ ਸਮੇਂ ਟੀਕਾਕਰਨ ਜਾਂ ਛੋਟ ਦਾ ਸਬੂਤ ਦਿਖਾਉਣ ਦੀ ਲੋੜ ਨਹੀਂ ਹੁੰਦੀ ਜੇਕਰ ਉਹ ਇੱਕ ਮਰ ਰਹੇ ਵਸਨੀਕ ਨੂੰ ਮਿਲਣ ਜਾ ਰਹੇ ਹਨ (ਜੋ ਉਨ੍ਹਾਂ ਦੀ ਜ਼ਿੰਦਗੀ ਦੇ ਆਖ਼ਰੀ ਦਿਨ ਹਨ) ਜਾਂ ਉਹ ਇੱਕ ਰਿਸ਼ਤੇਦਾਰ ਜਾਂ ਦੋਸਤ ਦੀ ਮੌਤ ਤੋਂ ਬਾਅਦ ਵਸਨੀਕ ਨੂੰ ਦਿਲਾਸਾ ਜਾਂ ਸਹਾਰਾ ਦੇ ਰਹੇ ਹਨ।

ਇਸ ਲਈ ਵਸਨੀਕ ਵਾਸਤੇ ਅਧਿਆਤਮਕ ਰਿਵਾਜ਼ਾਂ ਨੂੰ ਪੂਰਾ ਕਰਨ ਵਾਲੇ ਵਿਅਕਤੀਆਂ ਨੂੰ ਵੀ ਟੀਕਾਕਰਨ ਦੀ ਸਥਿਤੀ ਦਾ ਸਬੂਤ ਦਿਖਾਉਣ ਦੀ ਲੋੜ ਨਹੀਂ ਹੁੰਦੀ।

ਫਿਊਨਰਲ ਡਾਇਰੈਕਟਰਾਂ ਅਤੇ ਉਨ੍ਹਾਂ ਦੇ ਸਟਾਫ ਨੂੰ ਕੇਅਰ ਹੋਮ ਵਿੱਚ ਦਾਖਲ ਹੋਣ ਸਮੇਂ ਟੀਕਾਕਰਨ ਜਾਂ ਛੋਟ ਦਾ ਸਬੂਤ ਦਿਖਾਉਣਾ ਪਏਗਾ

## 18 ਸਾਲ ਤੋਂ ਘੱਟ ਉਮਰ ਵਾਲੇ

18 ਸਾਲ ਤੋਂ ਘੱਟ ਉਮਰ ਵਾਲੇ ਇੱਕ ਵਿਅਕਤੀ ਨੂੰ ਕੇਅਰ ਹੋਮ ਵਿੱਚ ਦਾਖਲ ਹੋਣ ਤੋਂ ਪਹਿਲਾਂ ਟੀਕਾਕਰਨ ਜਾਂ ਛੋਟ ਦਾ ਸਬੂਤ ਮੁਹੱਈਆ ਨਹੀਂ ਕਰਨਾ ਪੈਂਦਾ। 16 ਸਾਲ ਜਾਂ ਇਸ ਤੋਂ ਵੱਧ ਉਮਰ ਵਾਲਾ ਮੂਹਰਲੀ ਕਤਾਰ ਵਾਲਾ ਸਿਹਤ ਅਤੇ ਦੇਖਭਾਲ ਸਟਾਫ ਟੀਕੇ ਲਈ ਯੋਗਤਾ ਪੂਰੀ ਕਰਦਾ ਹੈ ਅਤੇ ਉਨ੍ਹਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ 18 ਸਾਲ ਹੋਣ ਤੋਂ ਪਹਿਲਾਂ ਮੈਡੀਸਨਜ਼ ਐਂਡ ਹੈਲਥਕੇਅਰ ਪ੍ਰੋਡਕਟਸ ਰੈਗੂਲੇਟਰੀ ਏਜੰਸੀ (ਐੱਮ.ਐੱਚ.ਆਰ.ਏ.) ਪ੍ਰਵਾਨਤ ਕੋਵਿਡ-19 ਟੀਕੇ ਦਾ ਪੂਰਾ ਕੋਰਸ ਕਰਨ। 17 ਸਾਲ ਦੀ ਉਮਰ ਦੇ ਸਾਰੇ ਨੌਜਵਾਨ ਆਪਣੇ 18ਵੇਂ ਜਨਮ ਦਿਨ ਤੋਂ 3 ਮਹੀਨੇ ਪਹਿਲਾਂ ਟੀਕੇ ਲਈ ਬੁਕਿੰਗ ਕਰ ਸਕਣਗੇ।

18 ਸਾਲ ਤੋਂ ਘੱਟ ਉਮਰ ਵਾਲੇ ਦੌਰਾ ਕਰਨ ਵਾਲੇ ਪੇਸ਼ੇਵਰ ਟੀਕਾਕਰਨ ਦੀ ਸਥਿਤੀ ਦਾ ਸਬੂਤ ਦਿਖਾਏ ਬਗੈਰ ਕੇਅਰ ਹੋਮ ਵਿੱਚ ਦਾਖਲ ਹੋ ਸਕਣਗੇ, ਪਰ ਉਨ੍ਹਾਂ ਨੂੰ ਇਹ ਸਬੂਤ ਦਿਖਾਉਣ ਦੀ ਲੋੜ ਹੋਵੇਗੀ ਕਿ ਉਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੈ। ਜਿਉਂ ਹੀ ਉਹ 18 ਦੇ ਹੋਣਗੇ, ਉਹ ਉਦੋਂ ਤੱਕ ਰਿਹਾਇਸ਼ ਵਿੱਚ ਦਾਖਲ ਨਹੀਂ ਹੋ ਸਕਣਗੇ ਜਦੋਂ ਤੱਕ ਉਨ੍ਹਾਂ ਨੇ ਐੱਮ.ਐੱਚ.ਆਰ.ਏ. ਪ੍ਰਵਾਨਤ ਕੋਵਿਡ-19 ਟੀਕਾ ਦੇ ਪੂਰਾ ਕੋਰਸ ਨਹੀਂ ਕੀਤਾ ਹੁੰਦਾ।

ਸਕਿਲਜ਼ ਫਾਰ ਕੇਅਰ ਕੋਲ 16 ਅਤੇ 17 ਸਾਲ ਦੀ ਉਮਰ ਵਾਲਿਆਂ ਨੂੰ ਕੰਮ ਬਾਰੇ ਅਗਲੇਰੀ ਸੇਧ ਹੁੰਦੀ ਹੈ ('16 ਅਤੇ 17 ਸਾਲ ਦੀ ਉਮਰ ਵਾਲੇ ਕਰਮਚਾਰੀਆਂ ਨੂੰ ਕੰਮ 'ਤੇ ਰੱਖਣ ਦੀ ਸੇਧ' ਤਹਿਤ)।

## ਵਿਦਿਆਰਥੀ

ਦੇਖਭਾਲ ਰਿਹਾਇਸ਼ ਵਿੱਚ ਆਪਣੀ ਪੜ੍ਹਾਈ ਦੇ ਹਿੱਸੇ ਵੱਜੋਂ ਦਾਖਲ ਹੋਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਟੀਕਾਕਰਨ ਜਾਂ ਛੋਟ ਦਾ ਸਬੂਤ ਦਿਖਾਉਣ ਦੀ ਲੋੜ ਹੋਵੇਗੀ, ਜਦੋਂ ਤੱਕ ਉਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਨਹੀਂ ਹੁੰਦੀ ਜਾਂ ਉਹ ਵਸਨੀਕ ਦੇ ਪਰਿਵਾਰ ਜਾਂ ਇੱਕ ਦੋਸਤ ਵੱਜੋਂ ਮੁਲਾਕਾਤ ਕਰ ਰਹੇ ਹੁੰਦੇ ਹਨ।

## ਵਲੰਟੀਅਰ (ਸਵੈ-ਸੇਵਕ)

ਦੇਖਭਾਲ ਰਿਹਾਇਸ਼ ਵਿੱਚ ਦਾਖਲ ਹੋਣ ਵਾਲੇ ਸਾਰੇ ਵਲੰਟੀਅਰਾਂ ਨੂੰ ਟੀਕਾਕਰਨ ਜਾਂ ਛੋਟ ਦਾ ਸਬੂਤ ਦਿਖਾਉਣ ਦੀ ਲੋੜ ਹੋਵੇਗਾ, ਜਦੋਂ ਤੱਕ ਉਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਨਹੀਂ ਹੁੰਦੀ।

## ਗ਼ੈਰ-ਦੇਖਭਾਲ ਵਾਲੀਆਂ ਥਾਵਾਂ ਤੋਂ ਸਫਰ ਕਰਨ ਵਾਲਾ ਸਟਾਫ

ਦੇਖਭਾਲ ਹੋਮ ਵਿੱਚ ਆਪਣੀਆਂ ਪੇਸ਼ੇਵਰ ਜ਼ਿੰਮੇਵਾਰੀਆਂ ਦੇ ਹਿੱਸੇ ਵੱਜੋਂ ਦਾਖਲ ਹੋਣ ਵਾਲੇ ਕਿਸੇ ਵੀ ਵਿਅਕਤੀ ਨੂੰ ਟੀਕਾਕਰਨ ਦਾ ਸਬੂਤ ਦਿਖਾਉਣ ਦੀ ਲੋੜ ਹੋਵੇਗੀ ਜਦੋਂ ਤੱਕ ਉਨ੍ਹਾਂ ਨੂੰ ਛੋਟ ਨਹੀਂ ਮਿਲੀ ਹੁੰਦੀ। ਇਸ ਲਈ, ਜਿਹੜਾ ਸਟਾਫ (ਜਿਵੇਂ ਕਿ ਟ੍ਰੇਨਰ) ਆਮ ਤੌਰ 'ਤੇ ਗ਼ੈਰ-ਰਿਹਾਇਸ਼ੀ ਦੇਖਭਾਲ ਥਾਵਾਂ (ਜਿਵੇਂ ਕਿ ਕੰਪਨੀ ਹੈੱਡਕੁਆਰਟਰਜ਼ ਵਿੱਚ) ਕੰਮ ਕਰਦਾ ਹੈ ਉਨ੍ਹਾਂ ਨੂੰ ਉਸ ਸਮੇਂ ਫੇਰ ਵੀ ਟੀਕਾਕਰਨ ਦੀ ਲੋੜ ਹੋਵੇਗੀ ਜੇਕਰ ਉਹ ਕੇਅਰ ਹੋਮ ਵਿੱਚ ਦਾਖਲ ਹੁੰਦੇ ਹਨ। ਇਸ ਵਿੱਚ ਸਟਾਫ ਵੀ ਸ਼ਾਮਲ ਹੈ ਜੋ ਗ਼ੈਰ-ਦੇਖਭਾਲ-ਸਬੰਧੀ ਸੇਵਾਵਾਂ ਪ੍ਰਦਾਨ ਕਰਨ ਲਈ, ਜਿਵੇਂ ਕਿ ਹੇਅਰ-ਡ੍ਰੈਸਿੰਗ, ਸਾਂਭ-ਸੰਭਾਲ, ਜਾਂ ਗਤੀਵਿਧੀਆਂ ਪ੍ਰਦਾਨ ਕਰਨ ਲਈ ਘਰ ਵਿੱਚ ਪਾਰਟ-ਟਾਈਮ ਜਾਂ ਕਦੇ-ਕਦਾਈਂ ਆਧਾਰ 'ਤੇ ਕੰਮ ਕਰ ਸਕਦਾ ਹੈ।

### ਨੌਕਰੀ ਦੀ ਇੰਟਰਵਿਊ ਲਈ ਕੇਅਰ ਹੋਮ ਵਿੱਚ ਦਾਖਲ ਹੋਣਾ

ਨੌਕਰੀ ਦੀ ਇੰਟਰਵਿਊ ਲਈ ਕੇਅਰ ਹੋਮ ਵਿੱਚ ਦਾਖਲ ਹੋਣ ਵਾਲੇ ਕਿਸੇ ਵੀ ਵਿਅਕਤੀ ਨੂੰ ਲਾਜ਼ਮੀ ਤੌਰ 'ਤੇ ਟੀਕਾਕਰਨ ਦਾ ਸਬੂਤ ਮੁਹੱਈਆ ਕਰਨਾ ਚਾਹੀਦਾ ਹੈ ਜਦੋਂ ਤੱਕ ਕਿ ਉਨ੍ਹਾਂ ਨੂੰ ਛੋਟ ਨਹੀਂ ਮਿਲੀ ਹੁੰਦੀ।

ਜੇਕਰ ਕੋਈ ਵਿਅਕਤੀ ਟੀਕਾਕਰਨ ਕਰਵਾਉਣਾ ਚਾਹੁੰਦਾ ਹੈ ਪਰ ਅਜੇ ਤੱਕ ਟੀਕਾਕਰਨ ਨਹੀਂ ਕਰਵਾਇਆ ਹੈ, ਤਾਂ ਕੇਅਰ ਹੋਮ ਤੋਂ ਬਾਹਰ ਜਾਂ ਦੂਰੋਂ (ਵੀਡੀਓ ਕਾਲ ਜਾਂ ਟੈਲੀਫ਼ੋਨ ਰਾਹੀਂ) ਇੰਟਰਵਿਊ ਹੋਣੀ ਚਾਹੀਦੀ ਹੈ। (ਵੀਡੀਓ ਕਾਲ ਜਾਂ ਟੈਲੀਫ਼ੋਨ ਰਾਹੀਂ)।

### ਨਵੇਂ ਸਟਾਫ ਦੀ ਭਰਤੀ

ਰਜਿਸਟਰ ਹੋਏ ਪ੍ਰਦਾਤਾ ਵੱਲੋਂ ਭਰਤੀ ਨਵੇਂ ਸਟਾਫ ਉੱਤੇ ਵੀ ਵਿਨਿਯਮ ਲਾਗੂ ਹੁੰਦੇ ਹਨ। ਇਹ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਸਿਰਫ ਨਵੇਂ ਭਰਤੀ ਵਿਅਕਤੀ, ਜਿਨ੍ਹਾਂ ਨੇ ਐੱਮ.ਐੱਚ.ਆਰ.ਏ ਪ੍ਰਵਾਨਤ ਕੋਵਿਡ-19 ਟੀਕੇ ਦਾ ਪੂਰਾ ਕੋਰਸ ਕੀਤਾ ਸੀ ਜਾਂ ਜਿਨ੍ਹਾਂ ਨੂੰ ਜ਼ਰੂਰ ਤੋਂ ਡਾਕਟਰੀ ਤੌਰ 'ਤੇ ਛੋਟ ਹੈ, ਕੇਅਰ ਹੋਮ ਵਿੱਚ ਕੰਮ ਕਰਨ ਲਈ ਯੋਗ ਹੁੰਦੇ ਹਨ।

ਕੇਅਰ ਹੋਮਾਂ ਨੂੰ ਅਰਜ਼ੀ ਦੀ ਪ੍ਰਕਿਰਿਆ ਸ਼ੁਰੂ ਹੋਣ 'ਤੇ ਸੰਭਾਵੀ ਸਟਾਫ ਨੂੰ ਜ਼ਰੂਰਤ ਬਾਰੇ ਸੂਚਿਤ ਕਰਨਾ ਚਾਹੀਦਾ ਹੈ ਅਤੇ ਇਹ ਯਕੀਨੀ ਬਣਾਉਣ ਲਈ ਭਰਤੀ ਦੀ ਪ੍ਰਕਿਰਿਆ ਦੌਰਾਨ ਢੁਕਵੀਆਂ ਪੜਤਾਲਾਂ ਕਰਨੀਆਂ ਚਾਹੀਦੀਆਂ ਹਨ ਕਿ ਵਿਅਕਤੀ ਕੇਅਰ ਹੋਮ ਵਿੱਚ ਕੰਮ ਕਰਨ ਦੇ ਯੋਗ ਹੈ। ਸਟਾਫ ਦੇ ਨਵੇਂ ਨਿਯੁਕਤ ਕੀਤੇ ਮੈਂਬਰ ਲਈ ਕੇਅਰ ਹੋਮ ਵਿੱਚ ਕੰਮ ਸ਼ੁਰੂ ਕਰਨਾ ਸਿਰਫ ਤਾਂ ਹੀ ਸੰਭਵ ਹੋਵੇਗਾ ਜਦੋਂ ਉਨ੍ਹਾਂ ਨੇ ਟੀਕਾਕਰਨ ਦੀ ਸਥਿਤੀ ਜਾਂ ਡਾਕਟਰੀ ਮੁਆਇਨੇ ਦਾ ਸਬੂਤ ਮੁਹੱਈਆ ਕਰਵਾ ਦਿੱਤਾ ਹੋਵੇ।

### ਡਾਕ, ਕੋਰੀਅਰ ਜਾਂ ਹੋਰ ਡਿਲੀਵਰੀਆਂ ਕਰਨੀਆਂ ਜਾਂ ਇਕੱਤਰ ਕਰਨੀਆਂ

ਜ਼ਰੂਰਤ ਸਿਰਫ ਉਨ੍ਹਾਂ ਉੱਤੇ ਲਾਗੂ ਹੁੰਦੀ ਹੈ ਜੋ ਕੇਅਰ ਹੋਮ ਦੇ ਅੰਦਰ ਦਾਖਲ ਹੋ ਰਹੇ ਹੁੰਦੇ ਹਨ। ਜਦੋਂ ਤੱਕ ਕੋਈ ਇਮਾਰਤ ਵਿੱਚ ਦਾਖਲ ਨਹੀਂ ਹੁੰਦਾ, ਉਦੋਂ ਤੱਕ ਡਾਕ, ਕੋਰੀਅਰ ਜਾਂ ਹੋਰ ਚੀਜ਼ਾਂ ਪ੍ਰਦਾਨ ਕਰਨ ਜਾਂ ਇਕੱਤਰ ਕਰਨ ਵਾਲੇ ਵਿਅਕਤੀਆਂ ਨੂੰ ਆਪਣੇ ਟੀਕਾਕਰਨ ਜਾਂ ਡਾਕਟਰੀ ਛੋਟ ਦਾ ਸਬੂਤ ਦਿਖਾਉਣ ਦੀ ਲੋੜ ਨਹੀਂ ਹੋਵੇਗੀ।

ਮਿਸਾਲ ਲਈ, ਜੇਕਰ ਇੱਕ ਡਾਕ ਕਰਮਚਾਰੀ ਨੂੰ ਕੇਅਰ ਹੋਮ ਵਿੱਚ ਲਾਜ਼ਮੀ ਤੌਰ 'ਤੇ ਦਾਖਲ ਹੋਣਾ ਚਾਹੀਦਾ ਹੈ, ਕਿਉਂਕਿ ਪੈਕੇਜ ਸਟਾਫ ਮੈਂਬਰ ਵਾਸਤੇ ਚੁੱਕਣ ਲਈ ਬਹੁਤ ਜ਼ਿਆਦਾ ਭਾਰੀ ਜਾਂ ਵੱਡਾ ਹੈ, ਤਾਂ ਉਨ੍ਹਾਂ ਨੂੰ ਲਾਜ਼ਮੀ ਤੌਰ 'ਤੇ ਟੀਕਾਕਰਨ ਜਾਂ ਛੋਟ ਦਾ ਸਬੂਤ ਦਿਖਾਉਣਾ ਚਾਹੀਦਾ ਹੈ।

### ਡਿਵੌਲਵਡ ਐਡਮਿਨਿਸਟ੍ਰੇਸ਼ਨ

ਹਾਲਾਂਕਿ ਇਹ ਵਿਨਿਯਮ ਇੰਗਲੈਂਡ ਵਿੱਚ ਸਾਰੇ ਸੀ.ਕਿਊ.ਸੀ. ਰਜਿਸਟਰਡ ਕੇਅਰ ਹੋਮਾਂ ਵਿੱਚ ਲਾਗੂ ਹੁੰਦੇ ਹਨ, ਪਰ ਜਿਹੜੇ ਵਿਅਕਤੀ ਸਕਾਟਲੈਂਡ ਜਾਂ ਵੇਲਜ਼ ਵਿੱਚ ਰਹਿੰਦੇ ਹਨ ਪਰ ਇੰਗਲੈਂਡ ਵਿੱਚ ਕੰਮ ਕਰਦੇ ਹਨ ਉਨ੍ਹਾਂ ਨੂੰ ਅਜੇ ਵੀ ਇੰਗਲੈਂਡ ਦੇ ਕੇਅਰ ਹੋਮਾਂ ਵਿੱਚ ਲਾਜ਼ਮੀ ਤੌਰ 'ਤੇ ਟੀਕਾਕਰਨ ਦਾ ਸਬੂਤ ਜਾਂ ਛੋਟ ਦਿਖਾਉਣੀ ਚਾਹੀਦੀ ਹੈ।

## ਸਬੂਤ ਦਿਖਾਉਣ ਬਾਰੇ ਆਮ ਸੇਧ

### ਲੋੜੀਂਦਾ ਸਬੂਤ

ਕੇਅਰ ਹੋਮ ਵਿੱਚ ਦਾਖਲ ਹੋਣ ਲਈ, ਜਦੋਂ ਤੱਕ ਛੋਟਾਂ ਲਾਗੂ ਨਹੀਂ ਹੁੰਦੀਆਂ, ਵਿਅਕਤੀ ਲਾਜ਼ਮੀ ਤੌਰ 'ਤੇ ਇਹ ਦਿਖਾ ਸਕਣ ਕਿ ਉਨ੍ਹਾਂ ਨੇ ਆਪਣੇ ਕੋਵਿਡ-19 ਟੀਕਾਕਰਨ ਦਾ ਮੁਕੰਮਲ ਕੋਰਸ ਕਰ ਲਿਆ ਹੈ। ਮੁਕੰਮਲ ਕੋਰਸ ਦਾ

ਹਵਾਲਾ ਟੀਕੇ ਦੀਆਂ ਇੱਕ ਜਾਂ ਦੋ ਖੁਰਾਕਾਂ ਨਾਲ ਦਿੱਤਾ ਜਾ ਸਕਦਾ ਹੈ, ਜੋ ਟੀਕੇ ਦੀ ਕਿਸਮ ਉੱਤੇ ਨਿਰਭਰ ਕਰਦੀ ਹੈ। ਇਹ ਬੂਸਟਰ ਡੋਜ਼ਾਂ ਨੂੰ ਸ਼ਾਮਲ ਨਹੀਂ ਕਰਦਾ। ਬੂਸਟਰ ਡੋਜ਼ਾਂ ਨੂੰ ਸ਼ਾਮਲ ਕਰਨ ਲਈ ਨੀਤੀ ਵਿੱਚ ਵਿਸਥਾਰ ਲਈ ਵਿਨਿਯਮਾਂ ਵਿੱਚ ਸੋਧ ਕਰਨ ਦੀ ਲੋੜ ਹੋਵੇਗੀ ਅਤੇ ਇਹ ਸੰਸਦੀ ਪ੍ਰਵਾਨਗੀ ਤਹਿਤ ਆਏਗਾ।

ਕੇਅਰ ਹੋਮ ਵਿੱਚ ਰਜਿਸਟਰ ਹੋਏ ਵਿਅਕਤੀ (ਜਾਂ ਜੋ ਰਜਿਸਟਰ ਹੋਏ ਵਿਅਕਤੀ ਤਰਫੋਂ ਕਾਰਵਾਈ ਕਰ ਰਹੇ ਹਨ) ਨੂੰ ਕੇਅਰ ਹੋਮ ਵਿੱਚ ਦਾਖਲ ਹੋ ਰਹੇ ਵਿਅਕਤੀ ਦੀ ਪਹਿਚਾਣ ਅਤੇ ਉਨ੍ਹਾਂ ਦੇ ਟੀਕਾਕਰਨ ਦੇ ਸਬੂਤ ਬਾਰੇ ਖੁਦ ਨੂੰ ਸੰਤੁਸ਼ਟ ਕਰਨ ਦੀ ਲੋੜ ਹੋਵੇਗੀ।

## ਟੀਕਾਕਰਨ ਦੇ ਸਬੂਤ ਨੂੰ ਕਿਵੇਂ ਦਿਖਾਉਣਾ ਹੈ

ਐੱਨ.ਐੱਚ.ਐਸ.ਐਕਸ. ਇਸ ਬਾਰੇ ਵਿਚਾਰ ਕਰ ਰਹੇ ਹਨ ਕਿ ਟੀਕੇ ਦੀ ਸਥਿਤੀ ਬਾਰੇ ਜਾਂਚ ਕਰਨ ਅਤੇ ਇਸ ਨੂੰ ਦਿਖਾਉਣ ਲਈ ਰਜਿਸਟਰ ਹੋਏ ਵਿਅਕਤੀਆਂ ਦੀ ਸਹਾਇਤਾ ਲਈ ਐੱਨ.ਐੱਚ.ਐੱਸ. ਕੋਵਿਡ ਪਾਸ ਦੀ ਸੇਵਾ ਨੂੰ ਕਿਵੇਂ ਵਰਤਿਆ ਜਾ ਸਕਦਾ ਹੈ। ਇਸ ਦੌਰਾਨ, ਰਜਿਸਟਰ ਹੋਏ ਵਿਅਕਤੀ ਵਿਅਕਤੀਆਂ ਦੇ ਟੀਕਾਕਰਨ ਦੀ ਸਥਿਤੀ ਨੂੰ ਦੇਖਣ ਲਈ ਮੌਜੂਦਾ ਐੱਨ.ਐੱਚ.ਐੱਸ. ਕੋਵਿਡ ਪਾਸ ਸੇਵਾ ਦੀ ਵਰਤੋਂ ਕਰਨ ਦੀ ਚੋਣ ਕਰ ਸਕਦੇ ਹਨ।

## ਜੇਕਰ ਸਟਾਫ ਮੈਂਬਰ ਇੰਗਲੈਂਡ ਵਿੱਚ ਰਹਿੰਦਾ ਹੈ।

ਜਿਹੜੇ ਵਿਅਕਤੀਆਂ ਦਾ ਇੰਗਲੈਂਡ ਵਿੱਚ ਐੱਨ.ਐੱਚ.ਐੱਸ. ਵੱਲੋਂ ਟੀਕਾਕਰਨ ਕੀਤਾ ਗਿਆ ਹੈ ਉਹ ਅੱਗੇ ਦਿੱਤੇ 3 ਤਰੀਕਿਆਂ ਰਾਹੀਂ ਐੱਨ.ਐੱਚ.ਐੱਸ. ਕੋਵਿਡ ਪਾਸ ਸੇਵਾ ਦੀ ਵਰਤੋਂ ਕਰਦਿਆਂ ਆਪਣੇ ਟੀਕਾਕਰਨ ਦੀ ਸਥਿਤੀ ਨੂੰ ਦਿਖਾ ਸਕਦੇ ਹਨ:

- ਐੱਨ.ਐੱਚ.ਐੱਸ. ਐਪ
- ਐੱਨ.ਐੱਚ.ਐੱਸ. ਕੋਵਿਡ ਵੈਬਸਾਈਟ – NHS.uk
- ਐੱਨ.ਐੱਚ.ਐੱਸ. ਕੋਵਿਡ ਪਾਸ ਦੀ ਚਿੱਠੀ

ਇੱਕ ਵਿਅਕਤੀ ਦੇ ਐੱਨ.ਐੱਚ.ਐੱਸ. ਅਪੌਇੰਟਮੈਂਟ ਕਾਰਡ ਨੂੰ ਟੀਕਾਕਰਨ ਦੀ ਸਥਿਤੀ ਦੇ ਸਬੂਤ ਵੱਜੋਂ ਨਹੀਂ ਵਰਤਿਆ ਜਾ ਸਕਦਾ।

### *ਐੱਨ.ਐੱਚ.ਐੱਸ. ਐਪ*

ਇੱਕ ਵਿਅਕਤੀ ਦੇ ਟੀਕਾਕਰਨ ਦੀ ਸਥਿਤੀ ਨੂੰ ਐੱਨ.ਐੱਚ.ਐੱਸ. ਐਪ ਦੀ ਐੱਨ.ਐੱਚ.ਐੱਸ. ਕੋਵਿਡ ਪਾਸ ਸੇਵਾ ਵਿੱਚ ਦੇਖਿਆ ਜਾ ਸਕਦਾ ਹੈ।

ਰਜਿਸਟਰ ਹੋਇਆ ਵਿਅਕਤੀ (ਜਾਂ ਰਜਿਸਟਰ ਹੋਏ ਵਿਅਕਤੀ ਤਰਫੋਂ ਕਾਰਵਾਈ ਕਰਨ ਵਾਲੇ ਵਿਅਕਤੀ) ਇਹ ਪੁਸ਼ਟੀ ਕਰਨ ਲਈ ਇਸ ਨੂੰ ਵਿਅਕਤੀ ਦੀ ਟੀਕਾਕਰਨ ਦੀ ਸਥਿਤੀ ਦੇ ਸਬੂਤ ਵੱਜੋਂ ਲੈ ਜਾ ਸਕਣਗੇ ਕਿ ਉਨ੍ਹਾਂ ਨੇ ਕੋਵਿਡ-19 ਟੀਕਾਕਰਨ ਦੀ ਪੂਰਾ ਕੋਰਸ ਕਰ ਲਿਆ ਸੀ।

ਕੇਅਰ ਹੋਮ ਵਿੱਚ ਦਾਖਲ ਹੋ ਰਹੇ ਵਿਅਕਤੀਆਂ ਦੇ ਟੀਕਾਕਰਨ ਦੀ ਸਥਿਤੀ ਬਾਰੇ ਪਤਾ ਲਗਾਉਣ ਲਈ ਮੈਨੇਜਰਾਂ ਲਈ ਅਗਲੇਰੀ ਸੇਧ ਨੂੰ ਰਜਿਸਟਰ ਹੋਏ ਵਿਅਕਤੀਆਂ ਲਈ ਨਿਯਤ ਇਸ ਦਸਤਾਵੇਜ਼ ਦੇ ਭਾਗ ਵਿੱਚ ਦੇਖਿਆ ਜਾ ਸਕਦਾ ਹੈ।

ਐੱਨ.ਐੱਚ.ਐੱਸ. ਐਪ ਡਾਊਨਲੋਡ ਕਰਨ ਲਈ ਉਪਲਬਧ ਹੈ - ਐਪ ਅਤੇ ਇਸ ਬਾਰੇ ਜ਼ਿਆਦਾ ਜਾਣਕਾਰੀ ਉਪਲਬਧ ਹੈ ਕਿ ਇਸ ਨੂੰ ਕਿਵੇਂ ਡਾਊਨਲੋਡ ਕਰਨਾ ਹੈ।

### *ਵੈਬ-ਆਧਾਰਤ ਹੱਲ*

ਐੱਨ.ਐੱਚ.ਐੱਸ. ਕੋਵਿਡ ਪਾਸ ਲਈ ਐੱਨ.ਐੱਚ.ਐੱਸ. ਵੈਸਾਈਟ ਰਾਹੀਂ ਵੀ ਪਹੁੰਚ ਕੀਤੀ ਜਾ ਸਕਦੀ ਹੈ। ਇਹ ਉਹੀ ਜਾਣਕਾਰੀ ਪ੍ਰਦਰਸ਼ਿਤ ਕਰਦੀ ਹੈ ਜੋ ਆਨਲਾਈਨ ਵੈਬ ਪੇਜ ਰਾਹੀਂ ਐੱਨ.ਐੱਚ.ਐੱਸ. ਐਪ ਅੰਦਰ ਸ਼ਾਮਲ ਹੁੰਦੀ ਹੈ ਆਪਣਾ ਐੱਨ.ਐੱਚ.ਐੱਸ. ਕੋਵਿਡ ਪਾਸ ਪ੍ਰਾਪਤ ਕਰੋ ।

### *ਗ਼ੈਰ-ਡਿਜੀਟਲ ਹੱਲ: ਐੱਨ.ਐੱਚ.ਐੱਸ. ਕੋਵਿਡ ਪਾਸ ਦੀ ਚਿੱਠੀ*

ਇੱਕ ਵਿਅਕਤੀ ਐੱਨ.ਐੱਚ.ਐੱਸ. ਕੋਵਿਡ ਪਾਸ ਦੀ ਚਿੱਠੀ ਪ੍ਰਾਪਤ ਕਰ ਸਕਦਾ ਹੈ ਜੋ ਉਸ ਨੂੰ ਡਾਕ ਰਾਹੀਂ ਭੇਜੀ ਗਈ ਸੀ, ਜੋ ਇਹ ਦਿਖਾਉਂਦੀ ਹੈ ਕਿ ਉਨ੍ਹਾਂ ਦਾ ਕੋਵਿਡ-19 ਤੋਂ ਬਚਾਅ ਲਈ ਟੀਕਾਕਰਨ ਕੀਤਾ ਜਾ ਚੁੱਕਾ ਹੈ। ਉਹ ਇਸ ਰਾਹੀਂ ਅਜਿਹਾ ਕਰ ਸਕਦੇ ਹਨ:

- ਆਪਣੇ ਐੱਨ.ਐੱਚ.ਐੱਸ. ਕੋਵਿਡ ਪਾਸ ਨੂੰ ਪ੍ਰਾਪਤ ਕਰੋਰਾਹੀਂ ਆਨਲਾਈਨ ਐੱਨ.ਐੱਚ.ਐੱਸ. ਕੋਵਿਡ ਪਾਸ ਚਿੱਠੀ ਲਈ ਬੇਨਤੀ ਕਰਕੇ
- 119 'ਤੇ ਕਾਲ ਕਰਕੇ (ਉਨ੍ਹਾਂ ਲਈ ਜਿਨ੍ਹਾਂ ਦਾ ਸਿਰਫ ਇੰਗਲੈਂਡ ਵਿੱਚ ਟੀਕਾਕਰਨ ਹੋਇਆ ਸੀ)

ਇਹ ਚਿੱਠੀ ਫੇਰ ਵਿਅਕਤੀ ਵੱਲੋਂ ਕੇਅਰ ਹੋਮ ਨੂੰ ਆਪਣੇ ਟੀਕਾਕਰਨ ਦੀ ਸਥਿਤੀ ਦਿਖਾਉਣ ਲਈ ਪੇਸ਼ ਕੀਤੀ ਜਾ ਸਕਦੀ ਹੈ। ਵਿਅਕਤੀਆਂ ਨੂੰ ਇਸ ਨੂੰ ਪ੍ਰਾਪਤ ਕਰਨ ਲਈ 5 ਕੰਮਕਾਜੀ ਦਿਨਾਂ ਦੀ ਉਡੀਕ ਕਰਨ ਦੀ ਲੋੜ ਹੋ ਸਕਦੀ ਹੈ ਅਤੇ ਇਹ ਯਕੀਨੀ ਬਣਾਉਣ ਲਈ ਸਪਸ਼ਟ ਕਰਨਾ ਚਾਹੀਦਾ ਹੈ ਕਿ ਉਹ ਵਿਨਿਯਮਾਂ ਦੇ ਲਾਗੂ ਹੋਣ ਸਮੇਂ ਤੱਕ ਟੀਕਾਕਰਨ ਦੀ ਸਥਿਤੀ ਨੂੰ ਦਿਖਾ ਸਕਦੇ ਹਨ।

ਵਿਅਕਤੀਆਂ ਨੂੰ ਐੱਨ.ਐੱਚ.ਐੱਸ. ਨੰਬਰ ਲੈਣ ਅਤੇ ਇੰਗਲੈਂਡ ਵਿੱਚ ਟੀਕਾਕਰਨ ਕਰਵਾਏ ਜਾਣ ਦੀ ਲੋੜ ਹੁੰਦੀ ਹੈ, ਪਰ ਉਨ੍ਹਾਂ ਨੂੰ ਐੱਨ.ਐੱਚ.ਐੱਸ. ਕੋਵਿਡ ਪਾਸ ਚਿੱਠੀ ਲੈਣ ਲਈ ਜੀ.ਪੀ. ਸਰਜਰੀ ਨਾਲ ਨਾਮ ਦਰਜ ਕਰਵਾਉਣ ਜਾਂ ਐੱਨ.ਐੱਚ.ਐੱਸ. ਲੌਗਿਨ ਲੈਣ ਦੀ ਲੋੜ ਨਹੀਂ ਹੁੰਦੀ।

## ਜੇਕਰ ਇੱਕ ਵਿਅਕਤੀ ਸਕਾਟਲੈਂਡ ਜਾਂ ਵੇਲਜ਼ ਰਹਿੰਦਾ ਹੈ

ਸਕਾਟਲੈਂਡ ਵਿੱਚ ਟੀਕਾਕਰਨ ਕਰਵਾਉਣ ਵਾਲੇ ਵਿਅਕਤੀ nhsinformscot ਤੋਂ ਆਪਣੇ ਕੋਵਿਡ-19 ਟੀਕਾਕਰਨ ਦੀ ਸਥਿਤੀ ਦਾ ਰਿਕਾਰਡ ਪ੍ਰਾਪਤ ਕਰਨ ਲਈ ਜਾਣਕਾਰੀ ਦੇਖ ਸਕਦੇ ਹਨ। ਵੇਲਜ਼ ਵਿੱਚ ਟੀਕਾਕਰਨ ਕਰਵਾਉਣ ਵਾਲੇ ਵਿਅਕਤੀ gov.wales ਤੋਂ ਆਪਣੇ ਕੋਵਿਡ-19 ਟੀਕਾਕਰਨ ਦੀ ਸਥਿਤੀ ਦਾ ਰਿਕਾਰਡ ਪ੍ਰਾਪਤ ਕਰਨ ਲਈ ਜਾਣਕਾਰੀ ਦੇਖ ਸਕਦੇ ਹਨ।

## ਜੇਕਰ ਇੱਕ ਵਿਅਕਤੀ ਨੇ ਯੂ.ਕੇ. ਤੋਂ ਬਾਹਰ ਟੀਕਾਕਰਨ ਕਰਵਾਇਆ ਹੈ

ਸਾਨੂੰ ਇਸ ਬਾਰੇ ਪਤਾ ਹੈ ਕਿ ਕੁਝ ਵਿਅਕਤੀਆਂ ਨੇ ਯੂ.ਕੇ. ਤੋਂ ਬਾਹਰ ਟੀਕਾਕਰਨ ਕਰਵਾਇਆ ਹੋਵੇਗਾ। ਅਸੀਂ ਇਸ ਦੇ ਹੱਲ ਬਾਰੇ ਕੰਮ ਕਰ ਰਹੇ ਹਨ ਅਤੇ ਛੇਤੀ ਤੋਂ ਛੇਤੀ ਇਸ ਬਾਰੇ ਅਗਲੇਰੀ ਸੇਧ ਮੁਹੱਈਆ ਕਰਾਂਗੇ।

## ਅਗਲੇਰੀ ਸੇਧ

ਮੈਨੇਜਰਾਂ ਲਈ ਇਸ ਬਾਰੇ ਅਗਲੇਰੀ ਸੇਧ, ਕਿ ਟੀਕਾਕਰਨ ਦੀ ਸਥਿਤੀ ਬਾਰੇ ਕਿਵੇਂ ਪਤਾ ਲਗਾਉਣਾ ਹੈ, ਇਸ ਦਸਤਾਵੇਜ਼ ਵਿੱਚ ਮੈਨੇਜਰਾਂ ਲਈ ਨਿਯਤ ਭਾਗ ਵਿੱਚ ਦੇਖੀ ਜਾ ਸਕਦੀ ਹੈ।

ਸਟਾਫ ਲਈ ਇਸ ਬਾਰੇ ਅਗਲੇਰੀ ਸੇਧ, ਕਿ ਆਪਣੇ ਕਰਮਚਾਰੀਆਂ ਨੂੰ ਟੀਕਾਕਰਨ ਕਿਵੇਂ ਦਿਖਾਉਣਾ ਹੈ, ਇਸ ਦਸਤਾਵੇਜ਼ ਵਿੱਚ ਸਟਾਫ ਲਈ ਨਿਯਤ ਭਾਗ ਵਿੱਚ ਦੇਖੀ ਜਾ ਸਕਦੀ ਹੈ।

# ਡਾਕਟਰੀ ਮੁਆਇਨਿਆਂ ਬਾਰੇ ਆਮ ਸੇਧ

ਥੋੜ੍ਹੀ ਗਿਣਤੀ ਵਿੱਚ ਲੋਕਾਂ ਲਈ ਕਲਿਨਿਕਲ ਕਾਰਨਾਂ ਕਰਕੇ ਟੀਕਾਕਰਨ ਢੁਕਵਾਂ ਨਹੀਂ ਹੈ। ਇਹ ਵਿਅਕਤੀ ਇਸ ਜ਼ਰੂਰਤ ਤੋਂ ਕਲਿਨਿਕਲ ਤੌਰ 'ਤੇ ਪ੍ਰਵਾਨਤ ਛੋਟ ਲੈ ਸਕਣਗੇ।

## ਉਹ ਸਮੂਹ ਜੋ ਡਾਕਟਰੀ ਛੋਟ ਪ੍ਰਾਪਤ ਕਰ ਸਕਦੇ ਹਨ

ਵੱਖ-ਵੱਖ ਪ੍ਰਸਥਿਤੀਆਂ ਹੁੰਦੀਆਂ ਹਨ ਜਿਨ੍ਹਾਂ ਵਿੱਚ ਛੋਟ ਲਈ ਪ੍ਰਵਾਨਗੀ ਦਿੱਤੀ ਜਾ ਸਕਦਾ ਹੈ ਜੋ ਲਾਗਗ੍ਰਤ ਬਿਮਾਰੀ ਵਿਰੁੱਧ ਟੀਕਾਕਰਨ ਬਾਰੇ ਗ੍ਰੀਨ ਬੁੱਕ, ਅਧਿਆਏ 14ਏ ਵੈਕਸੀਨੇਸ਼ਨ ਅਤੇ ਇਮਿਊਨਾਈਜੇਸ਼ਨ ਦੀ ਸਾਂਝੀ ਕਮੇਟੀ (ਜੇ.ਸੀ.ਵੀ.ਆਈ.) ਦੀ ਕਲਿਨਿਕਲ ਸਲਾਹ ਨੂੰ ਦਰਸਾਏਗੀ।

ਉਸ ਸਮੇਂ ਸਟਾਫ ਵੱਲੋਂ ਪਾਲਣਾ ਕੀਤੇ ਜਾਣ ਲਈ ਸਪਸ਼ਟ ਪ੍ਰਕਿਰਿਆ ਹੋਵੇਗੀ ਜੇਕਰ ਉਨ੍ਹਾਂ ਨੂੰ ਲੱਗਦਾ ਹੈ ਕਿ ਛੋਟ ਲੈਣ ਲਈ ਉਨ੍ਹਾਂ ਕੋਲ ਕਲਿਨਿਕਲ ਕਾਰਨ ਹੈ। ਇਹ ਪ੍ਰਕਿਰਿਆ ਘਰੇਲੂ ਸਮਾਗਮਾਂ ਲਈ ਪ੍ਰਮਾਣੀਕਰਨ, ਪੁਸ਼ਟੀ ਕੀਤੇ ਸੰਪਰਕਾਂ ਅਤੇ ਸਫਰ ਲਈ ਸਵੈ-ਇਕਾਂਤਵਾਸ ਤੋਂ ਛੋਟਾਂ ਅਨੁਸਾਰ ਹੋਵੇਗੀ। ਪ੍ਰਮਾਣੀਕਰਨ ਲਈ ਸੇਧ ਨੂੰ ਤਿਆਰ ਕੀਤਾ ਜਾ ਰਿਹਾ ਹੈ ਅਤੇ ਅਸੀਂ ਇਸ ਦੇ ਪ੍ਰਕਾਸ਼ਨ ਹੋਣ 'ਤੇ ਛੇਤੀ ਤੋਂ ਛੇਤੀ ਇੱਥੇ ਇਸ ਸੇਧ ਲਈ ਲਿੰਕ ਨੂੰ ਸ਼ਾਮਲ ਕਰਾਂਗੇ।

ਅਸੀਂ ਛੇਤੀ ਹੀ ਕਲਿਨਿਸ਼ੀਅਨਾਂ ਲਈ ਵੱਖਰੀ ਸੇਧ ਤਿਆਰ ਕਰਾਂਗੇ, ਜੋ ਹੋਰਨਾਂ ਜਨਤਕ ਥਾਵਾਂ ਵਿੱਚ ਟੀਕੇ ਦੇ ਪ੍ਰਮਾਣੀਕਰਨ ਲਈ ਸੇਧ ਮੁਤਾਬਕ ਹੋਵੇਗੀ। ਇਹ ਸੇਧ ਕਲਿਨਿਸ਼ੀਅਨਾਂ ਦੀ ਛੋਟਾਂ ਦੀ ਪੁਸ਼ਟੀ ਕਰਨ ਵਿੱਚ ਸਹਾਇਤਾ ਕਰੇਗੀ।

## ਫੈਲਾਵ ਦੇ ਜੋਖਮ ਨੂੰ ਘਟਾਉਣ ਲਈ ਹੋਰ ਉਪਾਅ

ਇਹ ਮਹੱਤਵਪੂਰਨ ਹੁੰਦਾ ਹੈ ਕਿ ਕੇਅਰ ਹੋਮਾਂ ਵਿੱਚ ਦਾਖਲ ਹੋਣ ਵਾਲੇ ਸਾਰੇ ਵਿਅਕਤੀ, ਜਿਨ੍ਹਾਂ ਵਿੱਚ ਉਹ ਲੋਕ ਸ਼ਾਮਲ ਹਨ ਜਿਨ੍ਹਾਂ ਨੂੰ ਟੀਕਾਕਰਨ ਤੋਂ ਛੋਟ ਮਿਲੀ ਹੁੰਦੀ ਹੈ, ਫੈਲਾਵ ਦੇ ਜੋਖਮ ਨੂੰ ਘਟਾਉਣ ਲਈ ਇਨਫੈਕਸ਼ਨ ਦੀ ਰੋਕਥਾਮ ਅਤੇ ਨਿਯੰਤ੍ਰਣ ਉਪਾਆਂ ਦੀ ਲਗਾਤਾਰ ਪਾਲਣਾ ਕਰਨ, ਜਿਨ੍ਹਾਂ ਵਿੱਚ ਪੀ.ਪੀ.ਈ. ਦੀ ਸਹੀ ਵਰਤੋਂ ਵੀ ਸ਼ਾਮਲ ਹੈ। ਪਰ, ਇਹ ਉਪਾਅ ਵਿਅਕਤੀਆਂ ਦੇ ਪੂਰੀ ਤਰ੍ਹਾਂ ਟੀਕਾਕਰਨ ਕਰਵਾਏ ਜਾਣ ਦੀ ਜ਼ਰੂਰਤ ਦਾ ਬਦਲ (ਵਿਕਲਪ) ਨਹੀਂ ਹਨ, ਜੋ ਕੇਅਰ ਹੋਮਾਂ ਵਿੱਚ ਦਾਖਲ ਹੋਣ ਵਾਲੇ ਸਾਰੇ ਵਿਅਕਤੀਆਂ ਉੱਤੇ ਉਦੋਂ ਤੱਕ ਲਾਗੂ ਹੈ ਜਦੋਂ ਤੱਕ ਛੋਟ ਨਹੀਂ ਮਿਲੀ ਹੁੰਦੀ।

ਫੈਲਾਵ ਦੇ ਜੋਖਮ ਨੂੰ ਘਟਾਉਣ ਲਈ ਉਨ੍ਹਾਂ ਵਿਅਕਤੀਆਂ ਦਾ ਜੋਖਮ ਮੁਲਾਂਕਣ ਕਰਨਾ ਚਾਹੀਦਾ ਹੈ ਜਿਨ੍ਹਾਂ ਨੂੰ ਟੀਕਾਕਰਨ ਤੋਂ ਛੋਟ ਮਿਲੀ ਹੁੰਦੀ ਹੈ। ਇਸ ਵਿੱਚ ਉਨ੍ਹਾਂ ਦੀਆਂ ਡਿਊਟੀਆਂ ਵਿੱਚ ਤਬਦੀਲੀ ਸ਼ਾਮਲ ਹੋ ਸਕਦੀ ਹੈ ਜਿੱਥੇ ਅਜਿਹੀ ਤਬਦੀਲੀ ਢੁਕਵੀਂ ਹੁੰਦੀ ਹੈ। ਇਹ ਗੱਲ ਵੀ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਜਿਹੜੇ ਵਿਅਕਤੀਆਂ ਨੂੰ ਟੀਕਾਕਰਨ ਤੋਂ ਛੋਟ ਮਿਲੀ ਹੁੰਦੀ ਹੈ ਉਹ ਕਲਿਨਿਕਲ ਤੌਰ 'ਤੇ ਬਹੁਤ ਕਮਜ਼ੋਰ ਹੋਣ ਵਾਲੀ ਸ਼੍ਰੇਣੀ ਵਿੱਚ ਵੀ ਆ ਸਕਦੇ ਹਨ।

ਪ੍ਰਦਾਤਾਵਾਂ ਨੂੰ ਲਗਾਤਾਰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜਿਹੜੇ ਵਿਅਕਤੀ ਕੇਅਰ ਹੋਮਾਂ ਵਿੱਚ ਕੰਮ ਕਰ ਰਹੇ ਹਨ ਉਹ ਢੁਕਵੀਂ ਪੀ.ਪੀ.ਈ ਦੀ ਵਰਤੋਂ ਕਰਨ ਅਤੇ ਇਨਫੈਕਸ਼ਨ ਦੀ ਰੋਕਥਾਮ ਲਈ ਨਿਯੰਤ੍ਰਣ ਉਪਾਆਂ ਦੀ ਪਾਲਣਾ ਕਰਨ।

# ਰਜਿਸਟਰ ਹੋਏ ਵਿਅਕਤੀਆਂ ਲਈ ਸੇਧ

## ਸੰਖੇਪ ਜਾਣਕਾਰੀ

11 ਨਵੰਬਰ 2021 ਤੋਂ ਰਜਿਸਟਰ ਹੋਏ ਵਿਅਕਤੀਆਂ (ਉਹ ਵਿਅਕਤੀ ਜੋ ਇੱਕ ਮੈਨੇਜਰ ਜਾਂ ਸੇਵਾ ਪ੍ਰਦਾਤਾ ਵੱਜੋਂ ਸੀ.ਕਿਊ.ਸੀ. ਨਾਲ ਰਜਿਸਟਰ ਹੋਇਆ ਹੈ) ਨੂੰ ਲਾਜ਼ਮੀ ਤੌਰ 'ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਉਦੋਂ ਤੱਕ ਕਿਸੇ ਨੂੰ ਕੇਅਰ ਹੋਮ ਵਿੱਚ ਦਾਖਲ ਨਹੀਂ ਹੋਣ ਦੇਣਾ ਚਾਹੀਦਾ, ਜਦੋਂ ਤੱਕ ਉਨ੍ਹਾਂ ਨੇ ਅਧਿਕਾਰਤ ਟੀਕੇ ਦੀਆਂ ਖੁਰਾਕਾਂ ਦਾ ਮੁਕੰਮਲ ਕੋਰਸ ਨਹੀਂ ਕੀਤਾ ਹੁੰਦਾ ਜਾਂ ਛੋਟ ਪ੍ਰਾਪਤ ਸਮੂਹਾਂ ਵਿੱਚੋਂ ਕਿਸੇ ਇੱਕ ਵਿੱਚ ਨਹੀਂ ਆਉਂਦੇ। ਹਾਲਾਂਕਿ ਰਜਿਸਟਰ ਹੋਏ ਵਿਅਕਤੀ ਦੀ ਹਦਾਇਤ ਤਹਿਤ ਕੰਮ ਕਰ ਰਹੇ ਸਟਾਫ ਦੇ ਹੋਰਨਾਂ ਮੈਂਬਰਾਂ ਵੱਲੋਂ ਪੜਤਾਲਾਂ ਕੀਤੀਆਂ ਜਾ ਸਕਦੀਆਂ ਹਨ, ਪਰ ਰਜਿਸਟਰ ਹੋਏ ਵਿਅਕਤੀ ਆਖ਼ਰਕਾਰ ਜ਼ਰੂਰਤ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੁੰਦੇ ਹਨ। ਇਹ ਭਾਗ ਰਜਿਸਟਰ ਹੋਏ ਵਿਅਕਤੀਆਂ ਨੂੰ ਵਿਨਿਯਮਾਂ ਦੇ ਲਾਗੂ ਕਰਨ ਬਾਰੇ ਸਲਾਹ ਦੇਣ ਦੀ ਕੋਸ਼ਿਸ਼ ਕਰਦਾ ਹੈ। ਇਹ ਫੈਸਲਾ ਕਰਨ ਸਮੇਂ ਕਿ ਵਿਨਿਯਮਾਂ ਨੂੰ ਕਿਵੇਂ ਲਾਗੂ ਕਰਨਾ ਹੈ, ਰਜਿਸਟਰ ਹੋਏ ਵਿਅਕਤੀ ਨੂੰ ਲਾਜ਼ਮੀ ਤੌਰ ਇਨਫੈਕਸ਼ਨਾਂ ਦੀ ਰੋਕਥਾਮ ਅਤੇ ਨਿਯੰਤ੍ਰਣ ਬਾਰੇ ਵਿਹਾਰ ਦੇ ਜਾਬਤੇ ਨੂੰ ਦੇਖਣਾ ਚਾਹੀਦਾ ਹੈ ਜਿਨ੍ਹਾਂ ਨੂੰ ਇਸ ਸਮੇਂ ਅਸੀਂ ਤਾਜ਼ਾ ਰੂਪ ਦੇ ਰਹੇ ਹਾਂ ਅਤੇ ਛੇਤੀ ਤੋਂ ਛੇਤੀ ਪ੍ਰਕਾਸ਼ਤ ਕਰਾਂਗੇ।

## ਟੀਕਾਕਰਨ ਜਾਂ ਛੋਟ ਦੀ ਸਥਿਤੀ ਬਾਰੇ ਪਤਾ ਲਗਾਉਣਾ

ਰਜਿਸਟਰ ਹੋਏ ਵਿਅਕਤੀਆਂ (ਜਾਂ ਰਜਿਸਟਰ ਹੋਏ ਵਿਅਕਤੀ ਦੀ ਤਰਫੋਂ ਕਾਰਵਾਈ ਕਰਨ ਵਾਲੇ ਵਿਅਕਤੀ) ਨੂੰ ਇਹ ਪਤਾ ਕਰਨਾ ਪਏਗਾ ਕਿ ਕੇਅਰ ਹੋਮ ਵਿੱਚ ਦਾਖਲ ਹੋਣ ਦੇ ਇੱਛੁਕ ਸਾਰੇ ਵਿਅਕਤੀਆਂ ਨੇ ਟੀਕਾਕਰਨ ਦਾ ਪੂਰਾ ਕੋਰਸ ਕੀਤਾ ਹੈ, ਜਦੋਂ ਤੱਕ ਕਿ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਛੋਟ ਨਹੀਂ ਮਿਲੀ ਹੁੰਦੀ। ਮਿਸਾਲ ਲਈ, ਇਸ ਵਿੱਚ ਕੇਅਰ ਹੋਮ ਸਟਾਫ, ਸਿਹਤ-ਸੰਭਾਲ ਪੇਸ਼ੇਵਰ, ਸੀ.ਕਿਊ.ਸੀ. ਇੰਸਪੈਕਟਰ, ਵਪਾਰੀ, ਹੇਅਰਡ੍ਰੈਸਰ ਅਤੇ ਬਿਊਟੀਸ਼ੀਅਨਾਂ ਦੀ ਜਾਂਚ ਸ਼ਾਮਲ ਹੁੰਦੀ ਹੈ।

ਇਹ ਜ਼ਰੂਰਤ ਸਿਰਫ ਕੇਅਰ ਹੋਮ ਅਦਾਰੇ ਅੰਦਰ ਦਾਖਲ ਹੋਣ ਵਾਲੇ ਵਿਅਕਤੀਆਂ ਦੇ ਸਬੰਧ ਵਿੱਚ ਲਾਗੂ ਹੁੰਦੀ ਹੈ ਅਤੇ ਇਸ ਰਜਿਸਟਰ ਹੋਏ ਵਿਅਕਤੀ (ਜਾਂ ਰਜਿਸਟਰ ਹੋਏ ਵਿਅਕਤੀ ਦੀ ਤਰਫੋਂ ਕਾਰਵਾਈ ਕਰਨ ਵਾਲੇ ਵਿਅਕਤੀ) ਉੱਤੇ ਨਿਰਭਰ ਹੋਵੇਗਾ ਕਿ ਉਹ ਟੀਕਾਕਰਨ ਦੀ ਸਥਿਤੀ ਬਾਰੇ ਪਤਾ ਲਗਾਉਣ ਲਈ ਸਭ ਤੋਂ ਢੁਕਵੀਂ ਕਾਰਜ-ਪ੍ਰਕਿਰਿਆ ਬਾਰੇ ਪਤਾ ਲਗਾਏ।

ਵਿਨਿਯਮਾਂ ਦੀ ਪਾਲਣਾ ਸੀ.ਕਿਊ.ਸੀ. ਇੰਸਪੈਕਟਰ ਜਾਂ ਕਿਸੇ ਹੋਰ ਵਿਅਕਤੀ ਨੂੰ ਦਾਖਲਾ ਨਾ ਦੇਣ ਲਈ ਉਦੋਂ ਤੱਕ ਢੁਕਵਾਂ ਕਾਰਨ ਹੋਵੇਗੀ ਜਦੋਂ ਤੱਕ ਉਨ੍ਹਾਂ ਨੂੰ ਛੋਟ ਨਹੀਂ ਮਿਲੀ ਹੁੰਦੀ।

ਅਜਿਹੇ ਮਾਮਲਿਆਂ ਵਿੱਚ ਜਿੱਥੇ ਕੇਅਰ ਹੋਮਾਂ ਕੋਲ ਕਈ ਇਮਾਰਤਾਂ ਹੁੰਦੀਆਂ ਹਨ, ਉਹ ਕੇਅਰ ਹੋਮ ਹਰੇਕ ਇਮਾਰਤ ਦੇ ਦਾਖਲੇ ਉੱਤੇ ਚੈੱਕ-ਪੁਆਇੰਟਾਂ ਦੀ ਚੋਣ ਕਰ ਸਕਦੇ ਹਨ। ਬਦਲ ਦੇ ਤੌਰ 'ਤੇ ਰਜਿਸਟਰ ਹੋਏ ਵਿਅਕਤੀ ਇਹ ਯਕੀਨੀ ਬਣਾਉਣ ਲਈ ਇੱਕ ਚੈੱਕ-ਪੁਆਇੰਟ ਦੀ ਚੋਣ ਕਰ ਸਕਦੇ ਹਨ ਜੋ ਇਹ ਯਕੀਨੀ ਬਣਾਉਣ ਲਈ ਹੈ ਕਿ ਹੋਰਨਾਂ ਇਮਾਰਤਾਂ ਤੱਕ ਪਹੁੰਚ ਕਰਨ ਲਈ ਅੱਗੇ ਜਾਣ ਵਾਸਤੇ ਸਾਰੇ ਵਿਅਕਤੀਆਂ ਦੀ ਟੀਕਾਕਰਨ ਕਰਵਾਉਣ ਜਾਂ ਛੋਟ ਮਿਲਣ ਵੱਜੋਂ ਪੁਸ਼ਟੀ ਕੀਤੀ ਜਾਂਦੀ ਹੈ।

ਇਸ ਦਸਤਾਵੇਜ਼ ਦੇ ਸਬੂਤ ਦਿਖਾਉਣ ਵਾਲੇ ਭਾਗ ਬਾਰੇ ਸੇਧ ਸਬੂਤ ਦੀਆਂ ਉਨ੍ਹਾਂ ਕਿਸਮਾਂ ਬਾਰੇ ਸੰਖੇਪ-ਜਾਣਕਾਰੀ ਦਿੰਦੀ ਹੈ ਜੋ ਟੀਕਾਕਰਨ ਦੀ ਸਥਿਤੀ ਨੂੰ ਦਿਖਾਉਣ ਦੇ ਸਬੂਤ ਵੱਜੋਂ ਸਵੀਕਾਰਨਯੋਗ ਹੁੰਦੇ ਹਨ। ਇੱਕ ਵਿਅਕਤੀ ਦੇ ਐੱਨ.ਐੱਚ.ਐੱਸ. ਅਪੌਇੰਟਮੈਂਟ ਕਾਰਡ ਨੂੰ ਲੋੜੀਂਦੇ ਸਬੂਤ ਵੱਜੋਂ ਸਵੀਕਾਰ ਨਹੀਂ ਕਰਨਾ ਚਾਹੀਦਾ। ਸਾਨੂੰ ਪਤਾ ਹੈ ਕਿ ਕੁਝ ਵਿਅਕਤੀਆਂ ਨੇ ਯੂ.ਕੇ. ਤੋਂ ਬਾਹਰ ਟੀਕਾਕਰਨ ਕਰਵਾਇਆ ਹੋਵੇਗਾ। ਅਸੀਂ ਇਸ ਦੇ ਹੱਲ ਬਾਰੇ ਕੰਮ ਕਰ ਰਹੇ ਹਾਂ ਅਤੇ ਛੇਤੀ ਤੋਂ ਛੇਤੀ ਇਸ ਲਈ ਸਵੀਕਾਰਯੋਗ ਸਬੂਤ ਬਾਰੇ ਅਗਲੇਰੀ ਸੇਧ ਮੁਹੱਈਆ ਕਰਾਂਗੇ।

## ਟੀਕਾਕਰਨ ਜਾਂ ਛੋਟ ਦੀ ਸਥਿਤੀ ਨੂੰ ਦਰਜ ਕਰਨਾ

ਰਜਿਸਟਰ ਹੋਏ ਵਿਅਕਤੀ ਨੂੰ ਇਨ੍ਹਾਂ ਦਾ ਰਿਕਾਰਡ ਰੱਖਣਾ ਚਾਹੀਦਾ ਹੈ:

- ਸਟਾਫ ਮੈਂਬਰਾਂ ਦੀ ਟੀਕਾਕਰਨ ਜਾਂ ਛੋਟ ਦੀ ਸਥਿਤੀ ਅਤੇ ਉਹ ਤਾਰੀਖ਼ ਜਦੋਂ ਸਥਿਤੀ ਬਾਰੇ ਆਖ਼ਰੀ ਵਾਰੀ ਜਾਂਚ ਕੀਤੀ ਗਈ ਸੀ।
- ਕੇਅਰ ਹੋਮ ਵਿੱਚ ਦਾਖਲ ਹੋਣ ਵਾਲੇ ਵਿਅਕਤੀਆਂ ਦੇ ਟੀਕਾਕਰਨ ਜਾਂ ਛੋਟ ਦੀ ਸਥਿਤੀ ਜਦੋਂ ਤੱਕ ਕਿ ਉਨ੍ਹਾਂ ਨੂੰ ਛੋਟ ਨਹੀਂ ਮਿਲੀ ਹੁੰਦੀ ਅਤੇ ਉਹ ਤਾਰੀਖ਼ ਜਦੋਂ ਸਥਿਤੀ ਬਾਰੇ ਆਖ਼ਰੀ ਵਾਰੀ ਜਾਂਚ ਕੀਤੀ ਗਈ ਸੀ।

ਰਜਿਸਟਰ ਹੋਏ ਵਿਅਕਤੀਆਂ ਲਈ ਛੋਟ ਦੇ ਕਲਿਨਿਕਲ ਕਾਰਨ ਨੂੰ ਰਿਕਾਰਡ ਕਰਨ ਦੀ ਕੋਈ ਜ਼ਰੂਰਤ ਨਹੀਂ ਹੁੰਦੀ - ਉਨ੍ਹਾਂ ਨੂੰ ਸਿਰਫ ਇਹ ਰਿਕਾਰਡ ਕਰਨਾ ਚਾਹੀਦਾ ਹੈ ਕਿ ਕੀ ਇੱਕ ਵਿਅਕਤੀ ਨੂੰ ਡਾਕਟਰੀ ਛੋਟ ਮਿਲੀ ਹੁੰਦੀ ਹੈ ਜਾਂ ਨਹੀਂ।

ਕੇਅਰ ਹੋਮ ਵਿੱਚ ਦਾਖਲ ਹੋਣ ਵਾਲੇ ਵਿਅਕਤੀਆਂ ਨੂੰ ਸਿਰਫ ਪਹਿਲੀ ਵਾਰੀ ਦਾਖਲ ਜਾਂ ਨਾਮ ਦਰਜ ਕਰਨ ਸਮੇਂ ਹੀ ਟੀਕਾਕਰਨ ਦੀ ਸਥਿਤੀ ਬਾਰੇ ਦਿਖਾਉਣ ਦੀ ਲੋੜ ਹੁੰਦੀ ਹੈ, ਅਤੇ ਰਜਿਸਟਰ ਹੋਏ ਵਿਅਕਤੀ ਨੂੰ ਕੇਅਰ ਹੋਮ ਦੇ ਸਥਾਨਕ ਸਿਸਟਮ ਉੱਤੇ ਉਨ੍ਹਾਂ ਦੀ ਸਥਿਤੀ ਨੂੰ ਦਰਜ ਕਰਨਾ ਚਾਹੀਦਾ ਹੈ (ਮਿਸਾਲ ਲਈ ਆਈ.ਟੀ.ਸਿਸਟਮ, ਕਾਗਜ਼ੀ ਫਾਈਲ ਅਤੇ ਇਸ ਤਰ੍ਹਾਂ ਦੀਆਂ ਚੀਜ਼ਾਂ ਉੱਤੇ)। ਉਨ੍ਹਾਂ ਵਿਅਕਤੀਆਂ, ਜਿਨ੍ਹਾਂ ਨੇ ਪਹਿਲਾਂ ਟੀਕਾਕਰਨ ਦੀ ਸਥਿਤੀ ਨੂੰ ਦਿਖਾਇਆ ਸੀ, ਦੀਆਂ ਬਾਅਦ ਵਾਲੀਆਂ ਸਾਰੀਆਂ ਪੜਤਾਲਾਂ ਰਿਕਾਰਡਾਂ ਰਾਹੀਂ ਕੀਤੀਆਂ ਜਾ ਸਕਦੀਆਂ ਹਨ ਜੋ ਤਾਰੀਖ਼ ਅਤੇ ਸਮੇਂ ਬਾਰੇ ਦੱਸਣਗੇ ਜਦੋਂ ਉਸ ਵਿਅਕਤੀ ਨੇ ਆਪਣੀ ਸਥਿਤੀ ਨੂੰ ਸਾਬਤ ਕੀਤਾ ਸੀ। ਕੇਅਰ ਹੋਮ ਹਰੇਕ ਵਿਅਕਤੀ ਦੀ ਮੁੜ ਜਾਂਚ ਕਰਨ ਦੇ ਬੋਝ ਨੂੰ ਘਟਾਉਣ ਲਈ ਟੀਕਾਕਰਨ ਦੀ ਸਥਿਤੀ ਦੇ ਸਬੂਤ ਵੱਜੋਂ ਇਨ੍ਹਾਂ ਰਿਕਾਰਡਾਂ ਦੀ ਵਰਤੋਂ ਕਰ ਸਕਣਗੇ। ਕੇਅਰ ਹੋਮ ਮੈਨੇਜਰ ਜੇ ਤਰਜੀਹ ਦਿੰਦੇ ਹਨ ਤਾਂ ਉਹ ਜ਼ਿਆਦਾ ਵਾਰੀ ਜਾਂਚ ਕਰਨ ਦਾ ਵੀ ਫੈਸਲਾ ਕਰ ਸਕਦੇ ਹਨ, ਪਰ ਅਜਿਹਾ ਕਰਨ ਲਈ ਕੋਈ ਜ਼ਰੂਰਤ ਨਹੀਂ ਹੈ। ਇਹ ਯਕੀਨੀ ਬਣਾਉਣ ਲਈ ਰਿਕਾਰਡਾਂ ਦੀ ਨਿਯਮਿਤ ਤੌਰ 'ਤੇ ਜਾਂਚ ਕਰਨੀ ਚਾਹੀਦੀ ਹੈ ਕਿ ਉਹ ਤਾਜ਼ਾ ਹਨ।

ਰਜਿਸਟਰ ਹੋਇਆ ਵਿਅਕਤੀ ਇਹ ਦਿਖਾਉਣ ਲਈ ਸੀ.ਕਿਊ.ਸੀ. ਨਾਲ ਇਹ ਰਿਕਾਰਡ ਸਾਂਝੇ ਕਰ ਸਕੇਗਾ ਕਿਉਨ੍ਹਾਂ ਨੇ ਤੀਜੀ ਧਿਰ ਦੀਆਂ ਡਾਕਟਰੀ ਛੋਟਾਂ ਦੀ ਜਾਂਚ ਕਰ ਲਈ ਹੈ।

ਵਿਨਿਯਮ ਜ਼ਾਹਰਾ ਤੌਰ 'ਤੇ ਇਹ ਦੱਸਦੇ ਹਨ ਕਿ ਕੇਅਰ ਹੋਮ ਟੀਕਾਕਰਨ ਜਾਂ ਡਾਕਟਰੀ ਛੋਟ ਦੀ ਸਥਿਤੀ ਬਾਰੇ ਜਾਣਕਾਰੀ ਪ੍ਰੋਸੈਸ ਕਰ ਸਕਦੇ ਹਨ, ਪਰ ਇਸ ਨੂੰ ਲਾਜ਼ਮੀ ਤੌਰ 'ਤੇ ਇਸ ਤਰੀਕੇ ਨਾਲ ਕਰਨਾ ਚਾਹੀਦਾ ਹੈ ਕਿ ਇਹ ਡੇਟਾ ਸੁਰੱਖਿਆ ਕਾਨੂੰਨ ਅਨੁਸਾਰ ਹੋਵੇ (ਹੇਠਾਂ ਹੋਰ ਦੇਖੋ)।

*ਮਿਸਾਲ*

ਇੱਕ ਛੋਟਾ ਕੇਅਰ ਹੋਮ ਪ੍ਰਦਾਤਾ, ਜਿਸ ਕੋਲ ਟੀਕਾਕਰਨ ਦੀ ਸਥਿਤੀ ਬਾਰੇ ਰਿਕਾਰਡਿੰਗ ਕਰਨ ਲਈ ਸੀਮਤ ਤਕਨਾਲੋਜੀ ਹੈ ਉਹ ਦੌਰੇ ਉੱਤੇ ਆ ਰਹੇ ਪੇਸ਼ੇਵਰਾਂ (ਉਹ ਵਿਅਕਤੀ ਜਿਨ੍ਹਾਂ ਨੂੰ ਕੇਅਰ ਹੋਮ ਵੱਲੋਂ ਸਿੱਧੇ ਤੌਰ 'ਤੇ ਕੰਮ ਉੱਤੇ ਨਹੀਂ ਰੱਖਿਆ ਹੁੰਦਾ) ਦੀ ਟੀਕਾਕਰਨ ਜਾਂ ਛੋਟ ਦੀ ਸਥਿਤੀ ਲਈ ਆਪਣੇ ਮੈਨੂਅਲ ਵਿਜ਼ਿਟਰ ਲੌਗ ਦੀ ਵਰਤੋਂ ਕਰ ਸਕਦੇ ਹਨ। ਇਹ ਮੌਜੂਦਾ ਲੌਗਬੁੱਕ ਉੱਤੇ ਕਾਲਮ ਦਾ ਵਾਧਾ ਕਰਨ ਅਤੇ ਦਸਤਖ਼ਤ ਦਾ ਵਾਧਾ ਕਰਨ ਜਿਹਾ ਸਰਲ ਹੋ ਸਕਦਾ ਹੈ ਜੋ ਇਹ ਦਿਖਾਉਣ ਲਈ ਹੈ ਕਿ ਟੀਕਾਕਰਨ ਦੀ ਸਥਿਤੀ ਦੀ ਪੁਸ਼ਟੀ ਕਰ ਲਈ ਗਈ ਹੈ।

## ਲਿਖ਼ਤੀ ਰਿਕਾਰਡਾਂ ਅਤੇ ਜਨਰਲ ਡੇਟਾ ਪ੍ਰੋਟੈਕਸ਼ਨ ਰੈਗੂਲੇਸ਼ਨ (ਡੇਟਾ ਸੁਰੱਖਿਆ ਲਈ ਆਮ ਵਿਨਿਯਮ (ਜੀ.ਡੀ.ਪੀ.ਆਰ.) ਦੀ ਪਾਲਣਾ ਨੂੰ ਸੰਭਾਲ ਕੇ ਰੱਖਣਾ

ਕੇਅਰ ਹੋਮ ਨੂੰ ਵਿਨਿਯਮਾਂ ਦੀ ਪਾਲਣਾ ਨੂੰ ਦਿਖਾਉਣ ਲਈ ਲਾਜ਼ਮੀ ਤੌਰ 'ਤੇ ਰਿਕਾਰਡ ਸੰਭਾਲ ਕੇ ਰੱਖਣੇ ਚਾਹੀਦੇ ਹਨ।

ਕੇਅਰ ਹੋਮਾਂ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੁੰਦੀ ਹੈ ਕਿ ਉਹ ਟੀਕਾਕਰਨ ਜਾਂ ਡਾਕਟਰੀ ਛੋਟ ਬਾਰੇ ਜਾਣਕਾਰੀ ਡੇਟਾ ਸੁਰੱਖਿਆ ਕਾਨੂੰਨ ਅਨੁਸਾਰ ਪ੍ਰੋਸੈਸ ਕਰਦੇ ਹਨ। ਸਾਰੇ ਕੇਅਰ ਹੋਮਾਂ ਕੋਲ ਆਪਣੀਆਂ ਪਹਿਲਾਂ ਤੋਂ ਮੌਜੂਦ ਡੇਟਾ ਸੁਰੱਖਿਆ ਜ਼ਿੰਮੇਵਾਰੀਆਂ ਦੇ ਹਿੱਸੇ ਵੱਜੋਂ ਮੌਜੂਦਾ ਡੇਟਾ ਪ੍ਰੋਸੈਸਿੰਗ ਨੀਤੀਆਂ ਹੋਣੀਆਂ ਚਾਹੀਦੀਆਂ ਹਨ, ਮਿਸਾਲ ਦੇ ਤੌਰ 'ਤੇ ਨਿੱਜਤਾ ਜਾਣਕਾਰੀ ਸਬੰਧੀ। ਵਿਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਡੇਟਾ ਸੁਰੱਖਿਆ ਅਤੇ

ਨਿੱਜਤਾ ਸਬੰਧੀ ਸਾਰੇ ਮੌਜੂਦਾ ਦਸਤਾਵੇਜ਼ੀ ਰਿਕਾਰਡ ਅਤੇ ਮੁਲਾਂਕਣਾਂ ਦੀ ਸਮੀਖਿਆ ਕਰਨੀ ਚਾਹੀਦੀ ਹੈ ਅਤੇ ਇਨ੍ਹਾਂ ਨੂੰ ਤਾਜ਼ਾ ਰੂਪ ਦੇਣਾ ਚਾਹੀਦਾ ਹੈ।

ਇਸ ਨਵੀਂ ਪ੍ਰਕਿਰਿਆ ਲਈ ਪ੍ਰੋਸੈਸਿੰਗ ਵਾਸਤੇ ਪਹਿਚਾਣ ਕੀਤੇ ਆਰਟੀਕਲ 6 ਯੂ.ਕੇ. ਜੀ.ਡੀ.ਪੀ.ਆਰ. ਅਤੇ ਆਰਟੀਕਲ 9 ਯੂ.ਕੇ. ਜੀ.ਡੀ.ਪੀ.ਆਰ. ਤਹਿਤ ਕਿਸੇ ਵੀ ਵਧੀਕ ਕਾਨੂੰਨੀ ਆਧਾਰ ਨਾਲ ਡੇਟਾ ਸੁਰੱਖਿਆ ਪ੍ਰਭਾਵ ਮੁਲਾਂਕਣ ਅਤੇ ਨੀਤੀ ਸਬੰਧੀ ਢੁਕਵੇਂ ਦਸਤਾਵੇਜ਼ਾਂ ਦੀ ਸਮੀਖਿਆ ਕਰਨ ਅਤੇ ਇਨ੍ਹਾਂ ਨੂੰ ਤਾਜ਼ਾ ਰੂਪ ਦੇਣ ਦੀ ਲੋੜ ਹੋਵੇਗੀ।

ਟੀਕਾਕਰਨ ਜਾਂ ਡਾਕਟਰੀ ਛੋਟਾ ਬਾਰੇ ਡੇਟਾਂ ਸਿਹਤ ਡੇਟਾ ਹੈ ਅਤੇ ਇਸ ਲਈ ਇਸ ਲਈ ਡੇਟਾ ਸੁਰੱਖਿਆ ਕਾਨੂੰਨ 2018 ਅਤੇ ਯੂ.ਕੇ. ਜੀ.ਡੀ.ਪੀ.ਆਰ. ਸਮੇਤ ਡੇਟਾ ਸੁਰੱਖਿਆ ਕਾਨੂੰਨ ਦੇ ਉਦੇਸ਼ਾਂ ਲਈ ਖਾਸ ਸ਼੍ਰੇਣੀ ਦਾ ਡੇਟਾ ਹੁੰਦਾ ਹੈ।

### *ਡੇਟਾ ਸੁਰੱਖਿਆ ਦੇ ਸਿਧਾਂਤ*

ਕੇਅਰ ਹੋਮਾਂ ਨੂੰ ਹਰ ਸਮੇਂ ਲਾਗੂ ਹੋਣ ਵਾਲੇ ਡੇਟਾ ਸੁਰੱਖਿਆ ਕਾਨੂੰਨ (ਜੀ.ਡੀ.ਪੀ.ਆਰ. ਦਾ ਆਰਟੀਕਲ 5 ਅਤੇ ਡੇਟਾ ਸੁਰੱਖਿਆ ਕਾਨੂੰਨ 2018) ਦੀ ਪਾਲਣਾ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਮੌਜੂਦਾ ਜ਼ਰੂਰਤਾਂ ਮੁਤਾਬਕ, ਕੇਅਰ ਹੋਮ ਲਈ ਇਹ ਮਹੱਤਵਪੂਰਨ ਹੁੰਦਾ ਹੈ ਕਿ ਕੇਅਰ ਹੋਮ ਕੋਲ ਨੀਤੀ ਦਸਤਾਵੇਜ਼ ਹੋਵੇ ਜੋ ਡੇਟਾ ਸੁਰੱਖਿਆ ਸਿਧਾਤਾਂ ਦੀ ਪਾਲਣਾ ਨਿਸ਼ਚਿਤ ਕਰਨ ਲਈ ਕਾਰਜ-ਪ੍ਰਕਰਿਆਵਾਂ ਬਾਰੇ ਅਤੇ ਨਿੱਜੀ ਡੇਟਾ ਨੂੰ ਸੰਭਾਲ ਕੇ ਰੱਖਣ ਅਤੇ ਹਟਾਉਣ ਸਬੰਧੀ ਨੀਤੀਆਂ ਬਾਰੇ ਦੱਸੇ।

ਕੇਅਰ ਹੋਮਾਂ ਨੂੰ ਇਨ੍ਹਾਂ ਗੱਲਾਂ ਬਾਰੇ ਵਿਚਾਰ ਕਰਨ ਦੀ ਲੋੜ ਹੋਵੇਗੀ:

- ਡੇਟਾ ਤੱਕ ਕਿਸ ਦੀ ਪਹੁੰਚ ਹੈ
- ਉਹ ਕਿੰਨਾ ਡੇਟਾ ਪ੍ਰੋਸੈਸ ਕਰਦੇ ਹਨ
- ਉਹ ਕਿੰਨੀ ਦੇਰ ਤੱਕ ਡੇਟਾ ਸੰਭਾਲ ਕੇ ਰੱਖਦੇ ਹਨ
- ਡੇਟਾ ਕਿਵੇਂ ਸਟੋਰ ਕਰਕੇ ਰੱਖਿਆ ਜਾਂਦਾ ਹੈ।
- ਕੀ ਕਿਸੇ ਨਿੱਜਤਾ ਜਾਣਕਾਰੀ ਨੂੰ ਤਾਜ਼ਾ ਰੂਪ ਦੇਣ ਦੀ ਲੋੜ ਹੈ
- ਕੀ ਕਿਸੇ ਡੇਟਾ ਸੁਰੱਖਿਆ ਪ੍ਰਭਾਵ ਮੁਲਾਂਕਣ ਨੂੰ ਤਾਜ਼ਾ ਰੂਪ ਦੇਣ ਦੀ ਲੋੜ ਹੁੰਦੀ ਹੈ।
- ਕੀ ਕਿਸੇ ਢੁਕਵੇਂ ਨੀਤੀ ਦਸਤਾਵੇਜ਼ਾਂ ਨੂੰ ਤਾਜ਼ਾ ਰੂਪ ਦੇਣ ਦੀ ਲੋੜ ਹੁੰਦੀ ਹੈ।

## ਦੌਰਾ ਕਰਨ ਵਾਲੇ ਪੇਸ਼ੇਵਰਾਂ ਲਈ ਖਾਸ ਸੋਚ-ਵਿਚਾਰ

ਐੱਨ.ਐੱਚ.ਐੱਸ. ਇੰਗਲੈਂਡ ਐਂਡ ਇੰਪਰੂਵਮੈਂਟ ਕੇਅਰ ਹੋਮ ਦਾ ਦੌਰਾ ਕਰਨ ਵਾਲੇ ਸਿਹਤ-ਸੰਭਾਲ ਪੇਸ਼ੇਵਰਾਂ ਲਈ ਖਾਸ ਸੇਧ ਜਾਰੀ ਕਰੇਗਾ ਤਾਂ ਜੋ ਉਨ੍ਹਾਂ ਨੂੰ ਵਿਨਿਯਮਾਂ ਦੇ ਪ੍ਰਭਾਵ ਬਾਰੇ ਪਤਾ ਹੋਵੇ।

(ਕੇਅਰ) ਹੋਮ ਨਾਲ ਅਨੁਬੰਧਤ ਦੌਰਾ ਕਰਨ ਵਾਲੇ ਪੇਸ਼ੇਵਰਾਂ ਲਈ, ਰਜਿਸਟਰ ਹੋਏ ਵਿਅਕਤੀ ਇਹ ਨਿਸ਼ਚਿਤ ਕਰਨ ਲਈ ਬਿਹਤਰੀਨ ਤਰੀਕੇ ਬਾਰੇ ਫੈਸਲਾ ਕਰ ਸਕਦੇ ਹਨ ਕਿ ਉਸ ਵਿਅਕਤੀ ਨੇ ਕੇਅਰ ਹੋਮ ਵਿੱਚ ਦਾਖਲ ਹੋਣ ਤੋਂ ਪਹਿਲਾਂ ਟੀਕਾਕਰਨ ਕਰਵਾ ਲਿਆ ਹੁੰਦਾ ਹੈ ਜਾਂ ਉਸ ਨੂੰ ਛੋਟ ਮਿਲੀ ਹੁੰਦੀ ਹੈ, ਉਸ ਵਿਅਕਤੀ ਵੱਲੋਂ ਮੁਹੱਈਆ ਸੇਵਾਵਾਂ ਦੀ ਵਿਵਸਥਾ ਲਈ ਕਿਸੇ ਅਨੁਬੰਧ ਵਿੱਚ ਜ਼ਰੂਰਤ ਨੂੰ ਸ਼ਾਮਲ ਕਰਨਾ ਹੁੰਦਾ ਹੈ। ਕੋਈ ਵੀ ਅਨੁਬੰਧ ਕਰਨ ਤੋਂ ਪਹਿਲਾਂ ਸੁਤੰਤਰ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ। ਪਰ, ਰਜਿਸਟਰ ਹੋਏ ਵਿਅਕਤੀ ਵਿਨਿਯਮਾਂ ਤਹਿਤ ਜ਼ਰੂਰਤਾਂ ਦੀ ਪਾਲਣਾ ਨਿਸ਼ਚਿਤ ਕਰਨ ਦੇ ਹੋਰ ਨਾਂ ਤਰੀਕਿਆਂ ਦੀ ਵੀ ਚੋਣ ਵੀ ਕਰ ਸਕਦੇ ਹਨ।

ਵਿਨਿਯਮ ਉੱਥੇ ਛੋਟ ਮੁਹੱਈਆ ਕਰਦੇ ਹਨ ਹਨ ਜਿੱਥੇ ਮੁਨਾਸਬ ਤੌਰ ਤੇ ਇੱਕ ਵਿਅਕਤੀ ਲਈ ਕੇਅਰ ਹੋਮ ਜਾਂ ਐਮਰਜੈਂਸੀ ਸਹਾਇਤਾ ਦੇ ਸਬੰਧ ਵਿੱਚ ਅਤਿ-ਜ਼ਰੂਰੀ ਸਾਂਭ-ਸੰਭਾਲ (ਅਤਿ-ਜ਼ਰੂਰੀ ਸਾਂਭ-ਸੰਭਾਲ ਲਈ ਸਹਾਇਤਾ ਵਾਲਾ ਭਾਗ ਦੇਖੋ) ਮੁਹੱਈਆ ਕਰਨੀ ਜ਼ਰੂਰੀ ਹੁੰਦੀ ਹੈ।

ਕੁਝ ਵਿਅਕਤੀ, ਖਾਸ ਤੌਰ 'ਤੇ ਉਹ ਵਿਅਕਤੀ ਜੋ ਕੇਅਰ ਹੋਮਾਂ ਵਿੱਚ ਨਿਯਮਿਤ ਤੌਰ 'ਤੇ ਨਹੀਂ ਜਾਂਦੇ, ਟੀਕਾਕਰਨ ਕਰਵਾਏ ਜਾਣ ਜਾਂ ਡਾਕਟਰੀ ਤੌਰ 'ਤੇ ਛੋਟ ਲੈਣ ਦੀ ਜ਼ਰੂਰਤ ਤੋਂ ਜਾਣੂ ਨਹੀਂ ਹੋ ਸਕਦੇ ਅਤੇ ਟੀਕਾਕਰਨ ਜਾਂ ਡਾਕਟਰੀ ਛੋਟ ਦਾ ਸਬੂਤ ਪ੍ਰਾਪਤ ਕਰਨ ਲਈ ਸਮਾਂ ਲੈਣ ਦੀ ਲੋੜ ਪੈ ਸਕਦੀ ਹੈ। ਇਸ ਲਈ, ਅਪੌਇੰਟਮੈਂਟਾਂ ਬੁੱਕ ਕਰਨ ਜਾਂ ਮੁਲਾਕਾਤਾਂ ਲਈ ਇੰਤਜਾਮ ਕਰਨ ਸਮੇਂ ਵਿਨਿਯਮਾਂ ਬਾਰੇ ਦੱਸਣਾ ਸਹਾਈ ਹੋਵੇਗਾ। ਸੇਵਾ ਪ੍ਰਦਾਤਾ ਫੇਰ ਇਹ ਯਕੀਨੀ ਬਣਾ ਸਕਦਾ ਹੈ ਕਿ ਉਹ ਉਸ ਸਟਾਫ ਮੈਂਬਰ ਨੂੰ ਭੇਜਦੇ ਹਨ ਜਿਸ ਕੋਲ ਟੀਕਾਕਰਨ ਜਾਂ ਡਾਕਟਰੀ ਛੋਟ ਦਾ ਸਬੂਤ ਹੁੰਦਾ ਹੈ, ਜਾਂ ਤਾਂ ਜੋ ਇੱਕ ਇੱਕਲਾ ਵਪਾਰੀ ਟੀਕਾਕਰਨ ਜਾਂ ਡਾਕਟਰੀ ਛੋਟ ਦਾ ਸਬੂਤ ਪ੍ਰਾਪਤ ਕਰ ਸਕਦਾ ਹੈ। ਦੌਰਾ ਕਰਨ ਵਾਲੇ ਪੇਸ਼ੇਵਰਾਂ ਲਈ ਅਗਲੇਰੀ ਸੇਧ ਲਈ ਦੌਰਾ ਕਰਨ ਵਾਲੇ ਪੇਸ਼ੇਵਾਰਾਂ ਲਈ ਸੇਧ ਦੇਖੋ।

ਜਿੱਥੇ ਸੇਵਾ ਪ੍ਰਦਾਤਾ ਟੀਕਾਕਰਨ ਕੀਤੇ ਜਾਂ ਡਾਕਟਰ ਛੋਟ ਵਾਲੇ ਵਿਅਕਤੀ ਰਾਹੀਂ ਸੇਵਾਵਾਂ ਮੁਹੱਈਆ ਨਹੀਂ ਕਰ ਸਕਦਾ, ਅਤੇ ਕੇਅਰ ਹੋਮ ਤੋਂ ਬਾਹਰ ਸੇਵਾਵਾਂ ਨਹੀਂ ਦਿੱਤੀਆਂ ਜਾ ਸਕਦੀਆਂ, ਉੱਥੇ ਸੇਵਾ ਦੀ ਵਿਵਸਥਾ ਲਈ ਬਦਲਵੇਂ ਇੰਤਜਾਮ ਕਰਨੇ ਜ਼ਰੂਰੀ ਹੋ ਸਕਦੇ ਹਨ।

## ਕੇਅਰ ਕੁਆਲਿਟੀ ਕਮਿਸ਼ਨ ਦੀ ਭੂਮਿਕਾ

ਜ਼ਰੂਰਤ ਬੁਨਿਆਦੀ ਮਿਆਰਾਂ ਦਾ ਹਿੱਸਾ ਬਣਦੀ ਹੈ ਅਤੇ ਕੇਅਰ ਕੁਆਲਿਟੀ ਕਮਿਸ਼ਨ (ਸੀ.ਕਿਊ.ਸੀ.) ਵੱਲੋਂ ਢੁਕਵੇਂ ਮਾਮਲਿਆਂ ਵਿੱਚ ਇਸ ਦੀ ਨਿਗਰਾਨੀ ਕੀਤੀ ਜਾਓਗੀ ਅਤੇ ਲਾਗੂ ਕੀਤਾ ਜਾਵੇਗਾ। ਸੀ.ਕਿਊ.ਸੀ. ਨੇ ਆਪਣੀ ਵੈਬਸਾਈਟ ਉੱਤੇ ਬਿਆਨ ਪ੍ਰਕਾਸ਼ਤ ਕੀਤਾ ਹੁੰਦਾ ਹੈ ਜੋ ਇਸ ਬਾਰੇ ਆਪਣੀ ਪਹੁੰਚ ਸਬੰਧੀ ਸੰਖੇਪ-ਜਾਣਕਾਰੀ ਦਿੰਦੀ ਹਾਂ:

- ਰਜਿਸਟ੍ਰੇਸ਼ਨ
- ਜਾਰੀ ਨਿਰੀਖਣ
- ਤਾਮੀਲ

ਬਿਆਨ ਦੇ ਸਾਰ ਨੂੰ ਹੇਠਾਂ ਸ਼ਾਮਲ ਕੀਤਾ ਜਾਂਦਾ ਹੈ

### *ਰਜਿਸਟ੍ਰੇਸ਼ਨ*

ਸੀ.ਕਿਊ.ਸੀ. ਇਸ ਬਾਰੇ ਭਰੋਸਾ ਚਾਹੇਗਾ ਕਿ ਜਿਹੜੇ ਵਿਅਕਤੀ ਪਹਿਲੀ ਵਾਰੀ ਰਜਿਸਟਰ ਹੋ ਰਹੇ ਹਨ - ਜਾਂ ਸੀ.ਕਿਊ.ਸੀ. ਨਾਲ ਆਪਣੀ ਰਜਿਸਟ੍ਰੇਸ਼ਨ ਵਿੱਚ ਸੋਧ ਕਰ ਰਹੇ ਹਨ - ਉਨ੍ਹਾਂ ਕੋਲ ਇਨ੍ਹਾਂ ਲਈ ਮਜਬੂਤ ਪ੍ਰਸ਼ਾਸਨਿਕ ਪ੍ਰਕਿਰਿਆ ਹੋਵੇ:

- ਸਟਾਫ ਦੇ ਟੀਕਾਕਰਨ ਅਤੇ ਕੋਵਿਡ-19 ਦੀ ਸਥਿਤੀ ਦੀ ਨਿਗਰਾਨੀ ਲਈ
- ਇਹ ਯਕੀਨੀ ਬਣਾਉਣ ਲਈ ਕਿ ਸਟਾਫ ਟੀਕਾਕਰਨ ਦੀ ਤਾਜ਼ਾ ਸਥਿਤੀ ਨੂੰ ਬਰਕਰਾਰ ਰੱਖਦਾ ਹੈ (ਟੀਕਾਕਰਨ ਕਰਵਾਉਣ ਲਈ ਸਟਾਫ ਲਈ ਸੇਧ ਅਤੇ ਸਹਾਇਤਾ ਮੁਹੱਈਆ ਕਰਕੇ) ਅਤੇ ਇਹ ਯਕੀਨੀ ਬਣਾਉਣ ਲਈ ਕਿ ਸਟਾਫ ਇਨਫੈਕਸ਼ਨ ਦੀ ਰੋਕਥਾਮ ਅਤੇ ਕੰਟਰੋਲ (ਆਈ.ਪੀ.ਸੀ.) ਲਈ ਬਿਹਤਰੀਨ ਤਾਜ਼ਾ ਵਿਵਹਾਰ ਨੂੰ ਕਾਇਮ ਰੱਖਦਾ ਹੈ।
- ਕੇਅਰ ਹੋਮ ਵਿੱਚ ਦਾਖਲ ਹੋਣ ਵਾਲੇ ਕਰਮਚਾਰੀਆਂ ਦੇ ਟੀਕਾਕਰਨ ਅਤੇ ਕੋਵਿਡ-19 ਦੀ ਸਥਿਤੀ ਦੀ ਨਿਗਰਾਨੀ ਕਰਨ ਲਈ
- ਜਿੱਥੇ ਲਾਗੂ ਹੁੰਦਾ ਹੈ, ਉੱਥੇ ਇਹ ਯਕੀਨੀ ਬਣਾਉਣ ਲਈ ਮੁਨਾਸਬ ਅਨੁਕੂਲਤਾਵਾਂ ਕਰੋ ਕਿ ਸੇਵਾ ਦੀ ਵਰਤੋਂ ਕਰਨ ਵਾਲੇ ਵਿਅਕਤੀ ਸੁਰੱਖਿਅਤ ਦੇਖਭਾਲ ਅਤੇ ਇਲਾਜ ਕਰਵਾਉਣ

ਨਵੇਂ ਮੈਨੇਜਰਾਂ ਦੀਆਂ ਅਰਜ਼ੀਆਂ ਲਈ ਸੀ.ਕਿਊ.ਸੀ. ਇਹ ਭਰੋਸਾ ਚਾਹੇਗਾ ਕਿ:

- ਬਿਨੈਕਾਰਾਂ ਦਾ ਪੂਰੀ ਤਰ੍ਹਾਂ ਨਾਲ ਟੀਕਾਕਰਨ ਹੁੰਦਾ ਜਾਂ ਛੋਟ ਮਿਲੀ ਹੁੰਦੀ ਹੈ।
- ਬਿਨੈਕਾਰਾਂ ਨੂੰ ਕੋਵਿਡ-19 ਟੀਕਾਕਰਨ ਸਬੰਧੀ ਨਵੇਂ ਵਿਨਿਯਮਾਂ ਸਬੰਧੀ ਆਪਣੀਆਂ ਡਿਊਟੀਆਂ ਬਾਰੇ ਪਤਾ ਹੁੰਦਾ ਹੈ।

*ਜਾਰੀ ਨਿਰੀਖਣ*

ਜ਼ਰੂਰਤ ਦਾ ਨਿਰੀਖਣ ਸੀ.ਕਿਉ.ਸੀ. ਦੀ ਜ਼ਿੰਮੇਵਾਰੀ ਹੈ।

ਸੀ.ਕਿਉ.ਸੀ. ਵਿਨਿਯਮਾਂ ਦੇ ਲਾਗੂ ਹੋਣ 'ਤੇ ਪ੍ਰੋਵਾਈਡਰ ਇਨਫਾਰਮੇਸ਼ਨ ਰਿਟਰਨ (ਪੀ.ਆਈ.ਆਰ.) ਲਈ ਅੱਗੇ ਦਿੱਤੇ ਪ੍ਰਸ਼ਨ ਦਾ ਵਾਧਾ ਕਰਨ ਦੀ ਤਜਵੀਜ਼ ਦਿੰਦਾ ਹੈ:

'ਤੁਹਾਨੂੰ ਕਿਵੇਂ ਤਸੱਲੀ ਹੁੰਦੀ ਹੈ ਕਿ ਜਿਨ੍ਹਾਂ ਲੋਕਾਂ ਨੂੰ ਤੁਸੀਂ ਕੰਮ 'ਤੇ ਰੱਖਦੇ ਹੋ ਅਤੇ ਆਪਣੀ ਸੇਵਾ ਅੰਦਰ ਤੈਨਾਤ ਕਰਦੇ ਹੋ ਉਨ੍ਹਾਂ ਨੇ ਆਪਣਾ ਲਾਜ਼ਮੀ ਟੀਕਾਕਰਨ ਕਰਵਾਇਆ ਹੁੰਦਾ ਹੈ?'

ਇੱਕ ਵਾਰੀ ਇਹ ਡਿਊਟੀ ਤੈਅ ਹੋਣ 'ਤੇ ਸੀ.ਕਿਉ.ਸੀ. ਆਪਣੀ ਨਿਰੀਖਣ ਦੀ ਪਹੁੰਚ ਵੀ ਇਹੋ ਜਿਹਾ ਪ੍ਰਸ਼ਨ ਬਣਾਏਗਾ। ਅਗਲੇਰੀ ਜਾਣਕਾਰੀ ਸਮਾਂ ਆਉਣ 'ਤੇ ਮੁਹੱਈਆ ਕੀਤੀ ਜਾਵੇਗੀ।

*ਮੁਆਇਨਾ*

ਮੁਆਇਨਾ ਕਰਨ ਸਮੇਂ, ਸੀ.ਕਿਉ.ਸੀ. ਇਹ ਪੁਸ਼ਟੀ ਕਰਨ ਲਈ ਸਬੂਤ ਬਾਰੇ ਪਤਾ ਲਗਾਏਗਾ ਕਿ ਸਿਸਟਮ ਅਤੇ ਪ੍ਰਕਿਰਿਆਵਾਂ ਜ਼ਰੂਰਤ ਦੀ ਪਾਲਣਾ ਕਰਨ ਲਈ ਤੈਅ ਹਨ।

ਰਜਿਸਟਰ ਹੋਏ ਵਿਅਕਤੀਆਂ ਨੂੰ ਖੁਦ ਸਬੂਤ ਦਾ ਰਿਕਾਰਡ ਦਿਖਾਉਣ ਦੀ ਲੋੜ ਨਹੀਂ ਹੋਵੇਗੀ, ਪਰ ਇਹ ਭਰੋਸਾ ਦੁਆਉਣ ਦੀ ਲੋੜ ਹੋਵੇਗੀ ਕਿ ਇਹ ਯਕੀਨੀ ਬਣਾਉਣ ਲਈ ਵਿਵਸਥਾਵਾਂ ਅਤੇ ਪ੍ਰਕਿਰਿਆ ਤੈਅ ਹੈ ਕਿ ਜਿਹੜੇ ਵਿਅਕਤੀ ਅਦਾਰੇ ਵਿੱਚ ਦਾਖਲ ਹੁੰਦੇ ਹਨ ਉਨ੍ਹਾਂ ਦਾ ਪੂਰੀ ਤਰ੍ਹਾਂ ਨਾਲ ਟੀਕਾਕਰਨ ਹੋਇਆ ਹੁੰਦਾ ਹੈ ਜਾਂ ਉਨ੍ਹਾਂ ਨੂੰ ਛੋਟ ਮਿਲੀ ਹੁੰਦੀ ਹੈ। ਰਜਿਸਟਰ ਹੋਏ ਵਿਅਕਤੀ ਆਪਣੇ ਅੰਦਰੂਨੀ ਸਟਾਫ ਇੰਪਲੌਇਮੈਂਟ ਰਿਕਾਰਡ ਕੀਪਿੰਗ ਲਈ ਸਬੂਤ ਦਾ ਰਿਕਾਰਡਰ ਰੱਖਣ ਦੀ ਚੋਣ ਕਰ ਸਕਦੇ ਹਨ ਜਿਨ੍ਹਾਂ ਨੂੰ ਉਨ੍ਹਾਂ ਨੇ ਦੇਖਿਆ ਹੈ। ਜੇਕਰ ਸਬੂਤ ਨੂੰ ਇਕੱਤਰ ਅਤੇ ਰਿਕਾਰਡ ਕੀਤਾ ਜਾਂਦਾ ਹੈ, ਤਾਂ ਸਾਰੇ ਨਿੱਜੀ ਡੇਟਾ ਨੂੰ ਲਾਜ਼ਮੀ ਤੌਰ 'ਤੇ ਯੂ.ਕੇ. ਜੀ.ਡੀ.ਪੀ.ਆਰ. ਮੁਤਾਬਕ ਨਜਿੱਠਣਾ ਚਾਹੀਦਾ ਹੈ। ਇਸ ਵਿੱਚ ਵਿਅਕਤੀਆਂ ਨੂੰ ਉਸ ਪੜਾਅ 'ਤੇ ਨਿੱਜਤਾ ਜਾਣਕਾਰੀ ਮੁਹੱਈਆ ਕਰਨਾ ਸ਼ਾਮਲ ਹੁੰਦਾ ਹੈ ਜਦੋਂ ਉਨ੍ਹਾਂ ਦਾ ਡੇਟਾ ਇਕੱਤਰ ਕੀਤਾ ਜਾ ਰਿਹਾ ਹੁੰਦਾ ਹੈ। ਕਿਰਪਾ ਕਰਕੇ ਇਹ ਯਕੀਨੀ ਬਣਾਉਣ ਲਈ ਇਨਫਾਰਮੇਸ਼ਨ ਕਮਿਸ਼ਨਰ ਦੇ ਦਫ਼ਤਰ ਦੀ ਸੇਧ ਦੇਖੋ ਕਿ ਨਿੱਜੀ ਡੇਟਾ ਦੀ ਸੁਰੱਖਿਆ ਲਈ ਤੁਸੀਂ ਢੁਕਵਾਂ ਕਾਨੂੰਨੀ ਆਧਾਰ, ਤਕਨੀਕੀ ਅਤੇ ਸੁਰੱਖਿਆ ਉਪਾਅ ਤੈਅ ਕੀਤੇ ਹਨ

*ਤਾਮੀਲ (ਪਾਲਣਾ)*

ਸੋਧ ਕੀਤੇ ਵਿਨਿਯਮਾਂ ਦੀ ਪਾਲਣਾ ਨਾਲ ਕਰਨ ਦੇ ਨਤੀਜੇ ਵੱਜੋਂ ਕੀਤੀ ਗਈ ਕਿਸੇ ਵੀ ਤਾਮੀਲ ਕਾਰਵਾਈ ਨੂੰ ਅਨੁਪਾਤਕ ਆਧਾਰ 'ਤੇ ਲਿਆ ਜਾਵੇਗਾ ਅਤੇ ਇਹ ਸੀ.ਕਿਉ.ਸੀ. ਦੀ ਮੌਜੂਦਾ ਤਾਮੀਲ ਨੀਤੀ ਮੁਤਾਬਕ ਦੇਖਭਾਲ ਦੀ ਗੁਣਵੱਤਾ ਅਤੇ ਲੋਕਾਂ ਦੀ ਸੁਰੱਖਿਆ ਉੱਤੇ ਪ੍ਰਭਾਵ ਬਾਰੇ ਸੀ.ਕਿਉ.ਸੀ. ਮੁਲਾਂਕਣ ਉੱਤੇ ਆਧਾਰਤ ਹੋਵੇਗੀ। ਸੀ.ਕਿਉ.ਸੀ ਇਹ ਫੈਸਲਾ ਕਰੇਗਾ ਕਿ ਕਿਹੜੀ ਕਾਰਵਾਈ ਕਰਨੀ ਹੈ ਜੋ ਸੰਤੁਲਨ ਦੇ ਆਧਾਰ 'ਤੇ ਅਤੇ ਤਾਮੀ ਲਈ ਉਨ੍ਹਾਂ ਦੀ ਆਮ ਪਹੁੰਚ ਮੁਤਾਬਕ ਹੋਵੇਗੀ।

ਸੀ.ਕਿਉ.ਸੀ. ਦੀ ਤਾਮੀਲ ਨੀਤੀ ਬਾਰੇ ਅਗਲੇਰੀ ਜਾਣਕਾਰੀ ਉਪਲਬਧ ਹੈ।

*ਮੈਨੇਜਰਾਂ ਅਤੇ ਰਜਿਸਟਰ ਹੋਏ ਵਿਅਕਤੀਆਂ ਲਈ ਸਹਾਇਤਾ*

ਇਹ ਭਾਗ ਉਨ੍ਹਾਂ ਸ੍ਰੋਤਾਂ ਬਾਰੇ ਸੰਖੇਪ-ਜਾਣਕਾਰੀ ਦਿੰਦਾ ਹੈ ਜੋ ਰਜਿਸਟਰ ਹੋਏ ਵਿਅਕਤੀਆਂ ਦੀ ਵਿਨਿਯਮਾਂ ਦੀ ਪਾਲਣਾ ਵਾਸਤੇ ਉਨ੍ਹਾਂ ਦੀ ਸਹਾਇਤਾ ਲਈ ਇਸ ਸਮੇਂ ਉਪਲਬਧ ਹਨ।

### *ਟੀਕਾ ਲਗਵਾਉਣ ਲਈ ਉਤਸ਼ਾਹਿਤ ਕਰਨ ਵਾਸਤੇ ਸਟਾਫ ਨਾਲ ਗੱਲਬਾਤ ਕਰਨ ਦੀ ਸਹਾਇਤਾ ਲਈ ਸ੍ਰੋਤ*

ਰਜਿਸਟਰ ਹੋਏ ਵਿਅਕਤੀਆਂ ਅਤੇ ਸਟਾਫ ਦਰਮਿਆਨ ਟੀਕੇ ਦੀ ਸੁਰੱਖਿਆ ਅਤੇ ਅਸਰਦਾਇਕਤਾ, ਅਤੇ ਇਸ ਦੇ ਨਾਲ-ਨਾਲ ਟੀਕਾਕਰਨ ਤੱਕ ਪਹੁੰਚ ਕਰਨ ਨਹੀ ਵਿੱਤੀ ਸਹਾਇਤਾ ਬਾਰੇ ਗੱਲਬਾਤ ਕਰਨ ਲਈ ਵੱਖ-ਵੱਖ ਤਰ੍ਹਾਂ ਦੇ ਸ੍ਰੋਤ ਉਪਲਬਧ ਹਨ। ਇਨ੍ਹਾਂ ਸ੍ਰੋਤਾਂ ਬਾਰੇ ਜ਼ਿਆਦਾ ਜਾਣਕਾਰੀ ਅਤੇ ਲਿੰਕ ਭੂਮਿਕਾਵਿੱਚ ਲੱਭੇ ਜਾ ਸਕਦੇ ਹਨ।

### *ਸਕਿੱਲਜ਼ ਫਾਰ ਕੇਅਰ ਮੰਚ*

ਸਕਿੱਲਜ਼ ਫਾਰ ਕੇਅਰ ਨੇ ਇੱਕ ਸਮਰਪਿਤ ਵਨ ਸਟਾਪ ਵੈਬਪੇਜ ਤਿਆਰ ਕੀਤਾ ਹੈ ਜੋ ਸੋਸ਼ਲ ਕੇਅਰ ਦੇ ਰੁਜ਼ਗਾਰਦਾਤਾਵਾਂ ਨੂੰ ਭਰਤੀ ਜਾਰੀ ਰੱਖਣ ਅਤੇ ਚੁਣੌਤੀਪੂਰਨ ਵਾਤਾਵਰਣ ਵਿੱਚ ਆਪਣੇ ਸਟਾਫ ਦੇ ਬਣੇ ਰਹਿਣ ਲਈ ਸਹਾਇਤਾ ਵਾਸਤੇ ਵੱਖ-ਵੱਖ ਤਰ੍ਹਾਂ ਦੀ ਸਹਾਇਤਾ, ਜਾਣਕਾਰੀ ਅਤੇ ਸ੍ਰੋਤਾਂ ਨੂੰ ਇਕੱਠਿਆਂ ਕਰਦਾ ਹੈ।

ਸ੍ਰੋਤਾਂ ਵਿੱਚ ਸ਼ਾਮਲ ਹੈ:

- ਵਰਕਫੋਰਸ ਦੀ ਯੋਜਨਾ ਬਣਾਉਣੀ ਅਤੇ ਅਧਿਕਾਰ ਦੇਣਾ
- ਲੋਕਾਂ ਦੀ ਕਾਰਗੁਜ਼ਾਰੀ ਦਾ ਪ੍ਰਬੰਧਨ
- ਨਿਗਰਾਨੀ ਸਬੰਧੀ ਗਾਈਡ
- ਭਲਾਈ ਸ੍ਰੋਤ
- ਸਮਾਜਿਕ ਕਦਰਾਂ-ਕੀਮਤਾਂ ਆਧਾਰਤ ਭਰਤੀ ਅਤੇ ਰਿਟੈਨਸ਼ਨ ਸ੍ਰੋਤ
- ਵਰਕਫੋਰਸ ਦਾ ਉਤਪਾਦਕਤਾ ਮਾਡਲ

### *ਵਧੀਆ ਰੁਜ਼ਗਾਰ ਵਿਹਾਰ*

ਅਸੀਂ ਅੰਤਿਕਾ ਏ ਵਿੱਚ ਵਧੀਆ ਰੁਜ਼ਗਾਰ ਵਿਹਾਰ ਬਾਰੇ ਸੇਧ ਸ਼ਾਮਲ ਕੀਤੀ ਹੈ।

# ਸਟਾਫ ਲਈ ਸੇਧ

## ਨੀਤੀ ਦੇ ਤੁਹਾਡੇ ਲਈ ਕੀ ਮਾਅਨੇ ਹਨ

11 ਨਵੰਬਰ 2021 ਤੋਂ, ਇਹ ਕਾਨੂੰਨ ਹੋਵੇਗਾ ਕਿ ਕੇਅਰ ਹੋਮ ਵਿੱਚ ਦਾਖਲ ਹੋਣ ਵਾਲੇ ਕਿਸੇ ਵੀ ਵਿਅਕਤੀ ਨੇ ਲਾਜ਼ਮੀ ਤੌਰ 'ਤੇ ਅਧਿਕਾਰਤ -ਕੋਵਿਡ-19 ਟੀਕੇ ਦਾ ਕੋਰਸ ਮੁਕੰਮਲ ਕੀਤਾ ਹੋਵੇ। ਕੇਅਰ ਹੋਮ ਸਟਾਫ ਲਈ, ਇਸ ਦਾ ਅਰਥ ਹੈ ਕਿ ਜੇਕਰ ਤੁਹਾਡਾ ਟੀਕਾਕਰਨ ਹੋਇਆ ਹੈ ਤਾਂ ਤੁਸੀਂ ਸਿਰਫ ਤਾਂ ਹੀ ਕੇਅਰ ਹੋਮ ਵਿੱਚ ਕੰਮ ਕਰਨਾ ਜਾਰੀ ਰੱਖ ਸਕੋਗੇ, ਜਦੋਂ ਤੱਕ ਕਿ:

- ਤੁਹਾਡੀ ਉਮਰ 18 ਸਾਲ ਦੀ ਨਹੀਂ ਹੁੰਦੀ
- ਤੁਹਾਨੂੰ ਡਾਕਟਰੀ ਤੌਰ 'ਤੇ ਛੋਟ ਪ੍ਰਾਪਤ ਨਹੀਂ ਹੁੰਦੀ

ਹੋਰਨਾਂ ਲੋਕਾਂ ਦੇ ਵੀ ਸਮੂਹ ਹੋ ਸਕਦੇ ਹਨ ਜੋ ਕੇਅਰ ਹੋਮ ਦਾਖਲ ਹੋ ਸਕਦੇ ਹਨ ਅਤੇ ਉਹ ਇਹ ਨਹੀਂ ਦਿਖਾ ਸਕਦੇ ਕਿ ਉਨ੍ਹਾਂ ਨੇ ਟੀਕਾਕਰਨ ਕਰਵਾ ਲਿਆ ਹੈ।

## ਅਹਿਮ ਤਾਰੀਖ਼ਾਂ




ਧਿਆਨ ਵਿੱਚ ਰੱਖਣ ਲਈ ਅਹਿਮ ਤਾਰੀਖ਼ਾਂ ਹਨ:

- 22 ਜੁਲਾਈ (ਇਹ ਉਹ ਤਾਰੀਖ਼ ਹੈ ਜਦੋਂ ਮੁਹਲਤ ਦਾ ਸਮਾਂ ਸ਼ੁਰੂ ਹੁੰਦਾ ਹੈ)
- 16 ਸਤੰਬਰ (ਕੇਅਰ ਹੋਮ ਕਰਮਚਾਰੀਆਂ ਵੱਲੋਂ ਆਪਣੀ ਪਹਿਲੀ ਡੋਜ਼ (ਦਵਾਈ ਦੀ ਖੁਰਾਕ) ਲੈਣ ਲਈ ਆਖ਼ਰੀ ਤਾਰੀਖ਼ ਤਾਂ ਜੋ ਉਨ੍ਹਾਂ ਨੇ ਵਿਨਿਯਮ ਲਾਗੂ ਹੋਣ ਦੇ ਸਮੇਂ ਪੂਰੀ ਤਰ੍ਹਾਂ ਟੀਕਾਕਰਨ ਕਰਵਾਇਆ ਹੋਵੇ)
- 11 ਨਵੰਬਰ (ਵਿਨਿਯਮ ਲਾਗੂ ਹੁੰਦਾ ਹੈ)

## ਆਪਣੇ ਟੀਕਾਕਰਨ ਦੀ ਸਥਿਤੀ ਨੂੰ ਕਿਵੇਂ ਦਿਖਾਉਣਾ ਹੈ

ਐੱਨ.ਐੱਚ.ਐਸ.ਐਕਸ. ਇਸ ਬਾਰੇ ਵਿਚਾਰ ਕਰ ਰਹੇ ਹਨ ਕਿ ਟੀਕੇ ਦੀ ਸਥਿਤੀ ਬਾਰੇ ਜਾਂਚ ਕਰਨ ਅਤੇ ਇਸ ਨੂੰ ਦਿਖਾਉਣ ਲਈ ਰਜਿਸਟਰ ਹੋਏ ਵਿਅਕਤੀਆਂ ਦੀ ਸਹਾਇਤਾ ਲਈ ਐੱਨ.ਐੱਚ.ਐੱਸ. ਕੋਵਿਡ ਪਾਸ ਦੀ ਸੇਵਾ ਨੂੰ ਕਿਵੇਂ ਵਰਤਿਆ ਜਾ ਸਕਦਾ ਹੈ।

ਇਸ ਦੌਰਾਨ, ਜੇਕਰ ਤੁਹਾਡਾ ਇੰਗਲੈਂਡ ਵਿੱਚ ਐੱਨ.ਐੱਚ.ਐੱਸ. ਵੱਲੋਂ ਟੀਕਾਕਰਨ ਕੀਤਾ ਗਿਆ ਹੈ ਤਾਂ ਤੁਸੀਂ ਅੱਗੇ ਦਿੱਤੇ 3 ਤਰੀਕਿਆਂ ਰਾਹੀਂ ਐੱਨ.ਐੱਚ.ਐੱਸ. ਕੋਵਿਡ ਪਾਸ ਸੇਵਾ ਦੀ ਵਰਤੋਂ ਕਰਦਿਆਂ ਆਪਣੇ ਟੀਕਾਕਰਨ ਦੀ ਸਥਿਤੀ ਨੂੰ ਦਿਖਾ ਸਕਦੇ ਹਨ:

- ਐੱਨ.ਐੱਚ.ਐੱਸ. ਐਪ
- ਐੱਨ.ਐੱਚ.ਐੱਸ. ਵੈਬਸਾਈਟ – NHS.uk
- ਐੱਨ.ਐੱਚ.ਐੱਸ. ਕੋਵਿਡ ਪਾਸ ਚਿੱਠੀ

ਤੁਹਾਡੇ ਐੱਨ.ਐੱਚ.ਐੱਸ. ਅਪੌਇੰਟਮੈਂਟ ਕਾਰਡ ਨੂੰ ਟੀਕਾਕਰਨ ਦੀ ਸਥਿਤੀ ਦੇ ਸਬੂਤ ਵੱਜੋਂ ਨਹੀਂ ਵਰਤਿਆ ਜਾ ਸਕਦਾ।

ਜੇਕਰ ਤੁਸੀਂ ਸਕਾਟਲੈਂਡ ਵਿੱਚ ਟੀਕਾਕਰਨ ਕਰਵਾਇਆ ਹੈ ਤਾਂ ਤੁਸੀਂ nhsinform.scot ਤੋਂ ਇਸ ਬਾਰੇ ਜਾਣਕਾਰੀ ਦੇਖ ਸਕਦੇ ਹੋ ਕਿ ਆਪਣੇ ਕੋਵਿਡ-19 ਟੀਕਾਕਰਨਾਂ ਦਾ ਰਿਕਾਰਡ ਕਿਵੇਂ ਪ੍ਰਾਪਤ ਕਰਨਾ ਹੈ। ਜੇਕਰ ਤੁਸੀਂ ਵੇਲਜ਼ ਵਿੱਚ ਟੀਕਾਕਰਨ ਕਰਵਾਇਆ ਹੈ ਤਾਂ ਤੁਸੀਂ gov.wales ਤੋਂ ਇਸ ਬਾਰੇ ਜਾਣਕਾਰੀ ਦੇਖ ਸਕਦੇ ਹੋ ਕਿ ਆਪਣੇ ਕੋਵਿਡ-19 ਟੀਕਾਕਰਨਾਂ ਦਾ ਰਿਕਾਰਡ ਕਿਵੇਂ ਪ੍ਰਾਪਤ ਕਰਨਾ ਹੈ।

ਸਾਨੂੰ ਇਸ ਬਾਰੇ ਪਤਾ ਹੈ ਕਿ ਕੁਝ ਵਿਅਕਤੀਆਂ ਨੇ ਯੂ.ਕੇ. ਤੋਂ ਬਾਹਰ ਟੀਕਾਕਰਨ ਕਰਵਾਇਆ ਹੋਵੇਗਾ। ਅਸੀਂ ਇਸ ਦੇ ਹੱਲ ਬਾਰੇ ਕੰਮ ਕਰ ਰਹੇ ਹਨ ਅਤੇ ਛੇਤੀ ਤੋਂ ਛੇਤੀ ਸਵੀਕਾਰਨਯੋਗ ਸਬੂਤ ਬਾਰੇ ਅਗਲੇਰੀ ਸੇਧ ਮੁਹੱਈਆ ਕਰਾਂਗੇ।

## ਇਹ ਪਤਾ ਲਗਾਉਣ ਦੀ ਜ਼ਿੰਮੇਵਾਰੀ ਕਿ ਲੋਕਾਂ ਦਾ ਟੀਕਾਕਰਨ ਕੀਤਾ ਜਾਂਦਾ ਜਾਂ ਛੋਟ ਦਿੱਤੀ ਜਾਂਦੀ ਹੈ।

ਰਜਿਸਟਰ ਹੋਏ ਵਿਅਕਤੀ (ਮੈਨੈਜਰ ਜਾਂ ਸੇਵਾ ਪ੍ਰਦਾਤਾ ਵੱਜੋਂ ਸੀ.ਕਿਊ.ਸੀ. ਨਾਲ ਰਜਿਸਟਰ ਹੋਇਆ ਵਿਅਕਤੀ) ਦੀ ਆਖਰ ਵਿੱਚ ਇਹ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਕੇਅਰ ਹੋਮ ਵਿੱਚ ਦਾਖਲ ਹੋਣ ਵਾਲੇ ਹਰੇਕ ਵਿਅਕਤੀ ਦਾ ਟੀਕਾਕਰਨ ਕੀਤਾ ਜਾਵੇ ਜਾਂ ਛੋਟ ਦਿੱਤੀ ਜਾਵੇ। ਉਨ੍ਹਾਂ ਨੂੰ ਇਹ ਪੜਤਾਲਾਂ ਸਟਾਫ ਦੇ ਹੋਰਨਾਂ ਮੈਂਬਰਾਂ ਦੇ ਸਪੁਰਦ ਕਰਨ ਸਮੇਂ ਆਪਣੇ ਪੇਸ਼ੇਵਰ ਪਰਖ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਜੇਕਰ ਤੁਹਾਨੂੰ ਛੋਟ ਦਿੱਤੀ ਜਾਂਦੀ ਹੈ, ਤਾਂ ਰਜਿਸਟਰ ਹੋਏ ਵਿਅਕਤੀ ਨੂੰ ਤੁਹਾਡੇ ਛੋਟ ਦੇ ਕਾਰਨ ਬਾਰੇ ਪਤਾ ਨਹੀਂ ਹੋਵੇਗਾ, ਸਿਰਫ ਇਸ ਤੱਥ ਬਾਰੇ ਪਤਾ ਹੋਵੇਗਾ ਕਿ ਤੁਹਾਨੂੰ ਛੋਟ ਦਿੱਤੀ ਜਾਂਦੀ ਹੈ।

## ਛੋਟਾਂ

ਕਲਿਨਿਕਲ ਕਾਰਨਾਂ ਕਰਕੇ ਟੀਕਾਕਰਨ ਤੁਹਾਡੇ ਲਈ ਢੁਕਵਾਂ ਨਹੀਂ ਹੋ ਸਕਦਾ। ਇਸ ਮਾਮਲੇ ਵਿੱਚ, ਤੁਸੀਂ ਇਸ ਜ਼ਰੂਰਤ ਤੋਂ ਕਲਿਨਿਕਲ ਪ੍ਰਵਾਨਤ ਡਾਕਟਰੀ ਛੋਟ ਲੈ ਸਕੋਗੇ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਛੋਟ ਦਿੱਤਾ ਜਾਣ ਲਈ ਕਲਿਨਿਕਲ ਕਾਰਨ ਹੋ ਸਕਦਾ ਹੈ ਤੁਹਾਡੇ ਵਾਸਤੇ ਪਾਲਣਾ ਕਰਨ ਲਈ ਸਪਸ਼ਟ ਪ੍ਰਕਿਰਿਆ ਹੋਵੇਗੀ। ਇਹ ਪ੍ਰਕਿਰਿਆ ਘਰੇਲੂ ਸਮਾਗਮਾਂ ਲਈ ਪ੍ਰਮਾਣੀਕਰਨ, ਪੁਸ਼ਟੀ ਕੀਤੇ ਸੰਪਰਕਾਂ ਲਈ ਸਵੈ-ਇਕਾਂਤਵਾਸ ਅਤੇ ਸਫਰ ਦੀਆਂ ਛੋਟਾਂ ਦੇ ਸਮਰੂਪ ਹੋਵੇਗੀ। ਪ੍ਰਮਾਣੀਕਰਨ ਲਈ ਸੇਧ ਨੂੰ ਤਿਆਰ ਕੀਤਾ ਜਾ ਰਿਹਾ ਹੈ ਅਤੇ ਅਸੀਂ ਇਸ ਦੇ ਪ੍ਰਕਾਸ਼ਤ ਹੋਣ 'ਤੇ ਛੇਤੀ ਤੋਂ ਛੇਤੀ ਇੱਥੇ ਇਸ ਸੇਧ ਲਈ ਲਿੰਕ ਨੂੰ ਨਾਲ ਜੋੜਾਂਗੇ।

ਮੈਨੇਜਰਾਂ ਨੂੰ ਉਨ੍ਹਾਂ ਵਿਅਕਤੀਆਂ ਲਈ ਜੋਖਮ ਮੁਲਾਂਕਣ ਕਰਨਾ ਚਾਹੀਦਾ ਹੈ ਜਿਨ੍ਹਾਂ ਨੂੰ ਟੀਕਾਕਰਨ ਤੋਂ ਛੋਟ ਪ੍ਰਾਪਤ ਹੁੰਦੀ ਹੈ। ਇਸ ਦਾ ਅਰਥ ਹੈ ਕਿ ਉਹ ਕੇਅਰ ਹੋਮ ਵਿੱਚ ਦਾਖਲ ਹਣ ਵਾਲੇ ਸਟਾਫ ਦੇ ਟੀਕਾਕਰਨ ਨਾ ਕਰਵਾਏ (ਪਰ ਛੋਟ ਵਾਲੇ) ਮੈਂਬਰਾਂ ਕਾਰਨ ਕੋਵਿਡ-19 ਦੇ ਫੈਲਾਵ ਦੇ ਸੰਭਾਵੀ ਜੋਖਮ ਦਾ ਮੁਲਾਂਕਣ ਕਰਨਗੇ। ਉਹ ਇਸ ਜੋਖਮ ਨੂੰ ਘਟਾਉਣ ਵਾਸਤੇ ਮਦ ਲਈ ਉਪਾਅ ਤੈਅ ਕਰ ਸਕਦੇ ਹਨ, ਮਿਸਾਲ ਲਈ ਛੋਟ ਪ੍ਰਾਪਤ ਸਟਾਫ ਮੈਂਬਰਾਂ ਨੂੰ ਜ਼ਿਆਦਾ ਜਾਂ ਵੱਖਰੀ ਪੀ.ਪੀ.ਈ. ਪਹਿਨਣ ਬਾਰੇ ਕਹਿ ਕੇ ਜਾਂ ਉਨ੍ਹਾਂ ਦੀਆਂ ਡਿਊਟੀਆਂ ਵਿੱਚ ਤਬਦੀਲੀ ਦਾ ਸੁਝਾਅ ਦੇ ਕੇ।

## ਕਿਸੇ ਹੋਰ ਤੈਨਾਤੀ

ਜੇਕਰ ਤੁਸੀਂ ਟੀਕਾਕਰਨ ਜਾਂ ਛੋਟ ਦਾ ਸਬੂਤ ਮੁਹੱਈਆ ਨਹੀਂ ਕਰ ਸਕਦੇ, ਤਾਂ ਫੇਰ ਤੁਹਾਡੇ ਮੈਨੇਜਰ ਨੂੰ ਤੁਹਾਡੇ ਲਈ ਉਪਲਬਧ ਸਾਰੇ ਵਿਕਲਪਾਂ ਬਾਰੇ ਪਤਾ ਲਗਾਉਣਾ ਚਾਹੀਦਾ ਹੈ। ਇਹ ਤੁਹਾਨੂੰ ਵਿਕਲਪਿਕ ਭੂਮਿਕਾ ਵੱਲ ਭੇਜ ਸਕਦਾ ਹੈ ਜਿਸ ਲਈ ਟੀਕਾਕਰਨ ਦੀ ਜ਼ਰੂਰਤ ਨਹੀਂ ਹੈ। ਤੁਹਾਨੂੰ ਆਪਦੇ ਮੈਨੇਜਰ ਨਾਲ ਛੇਤੀ ਤੋਂ ਛੇਤੀ ਆਪਣੇ ਵਿਕਲਪਾਂ ਬਾਰੇ ਗੱਲ ਕਰਨੀ ਚਾਹੀਦੀ ਹੈ। ਤੁਹਾਨੂੰ ਇਹ ਨਹੀਂ ਸਮਝਣਾ ਚਾਹੀਦਾ ਕਿ ਤੁਹਾਡੇ ਲਈ ਕਿਸੇ ਹੋਰ ਥਾਂ ਤੈਨਾਤੀ ਸੰਭਵ ਹੋਵੇਗੀ।

## ਬਰਖ਼ਾਸਤਗੀ

ਜੇਕਰ ਤੁਸੀਂ ਟੀਕਾਕਰਨ ਜਾਂ ਛੋਟ ਦਾ ਸਬੂਤ ਮੁਹੱਈਆ ਨਹੀਂ ਕਰ ਸਕਦੇ, ਤਾਂ ਫੇਰ ਤੁਹਾਡੇ ਮੈਨੇਜਰ ਨੂੰ ਤੁਹਾਡੇ ਲਈ ਉਪਲਬਧ ਸਾਰੇ ਵਿਕਲਪਾਂ ਬਾਰੇ ਪਤਾ ਲਗਾਉਣਾ ਚਾਹੀਦਾ ਹੈ। ਪਰ, ਤੁਹਾਨੂੰ ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਜੇਕਰ ਤੁਹਾਡਾ ਟੀਕਾਕਰਨ ਨਹੀਂ ਕੀਤਾ ਜਾਂਦਾ ਜਾਂ ਡਾਕਟਰੀ ਛੋਟ ਨਹੀਂ ਮਿਲਦੀ ਤਾਂ ਵਿਨਿਯਮ ਬਰਖ਼ਾਸਤਗੀ ਲਈ ਇੱਕ ਵਾਜਬ ਕਾਰਨ ਦੇ ਸਕਦੇ ਹਨ।

## ਕੇਅਰ ਹੋਮਾਂ ਵਿੱਚ ਭਰਤੀ ਸਟਾਫ ਦੇ ਪੱਧਰਾਂ ਬਾਰੇ ਚਿੰਤਾਵਾਂ

ਕੇਅਰ ਹੋਮਾਂ ਕੋਲ ਪਹਿਲਾਂ ਤੋਂ ਹੀ ਅਚਨਚੇਤੀ ਯੋਜਨਾਵਾਂ ਹੋਣੀਆਂ ਚਾਹੀਦੀਆਂ ਹਨ ਜੋ ਉਨ੍ਹਾਂ ਵਾਕਿਆ ਨੂੰ ਸ਼ਾਮਲ ਕਰਨ ਜੋ ਸੇਵਾ ਦੇ ਸੁਰੱਖਿਅਤ ਢੰਗ ਨਾਲ ਚਲਾਏ ਜਾਣ ਉੱਤੇ ਅਸਰ ਪਾ ਸਕਦੀਆਂ ਹਨ। ਇਸ ਵਿੱਚ ਆਮ ਤੌਰ 'ਤੇ ਸਟਾਫ ਦੀ ਕਮੀ ਸ਼ਾਮਲ ਹੋਵੇਗੀ।

ਜਿੱਥੇ ਕਿਧਰੇ ਸੰਭਵ ਹੁੰਦਾ ਹੈ, ਅਸੀਂ ਆਸ ਕਰਾਂਗੇ ਕਿ ਰਜਿਸਟਰ ਹੋਇਆ ਵਿਅਕਤੀ ਬੈਂਕ ਜਾਂ ਏਜੰਸੀ ਸਟਾਫ ਦੀ ਵਰਤੋਂ ਰਾਹੀਂ ਥੋੜ੍ਹੇ ਸਮੇਂ ਲਈ ਖੁਦ ਹੀ ਸਟਾਫ ਦੀ ਕਮੀ ਨੂੰ ਪੂਰਾ ਕਰਨ ਲਈ ਮੁਨਾਸਬ ਕਦਮ ਚੁੱਕੇ। ਜੇਕਰ ਉਨ੍ਹਾਂ ਕੋਲ ਇਹ ਵਿਕਲਪ ਉਪਲਬਧ ਨਹੀਂ ਹੈ, ਤਾਂ ਉਨ੍ਹਾਂ ਨੂੰ ਲੋਕਲ ਅਥਾਰਟੀ ਕੋਲ ਇਸ ਬਾਰੇ ਸੂਚਿਤ ਕਰਨਾ ਚਾਹੀਦਾ ਹੈ ਜੋ ਰਜਿਸਟਰ ਹੋਏ ਪ੍ਰਦਾਤਾ ਨੂੰ ਸਹਾਇਤਾ ਦੇ ਸ੍ਰੋਤ ਦੀ ਪੇਸ਼ਕਸ਼ ਕਰ ਸਕਦੀ ਹੈ ਜਾਂ ਇਸ ਲਈ ਮਾਰਗ-ਦਰਸ਼ਨ ਕਰ ਸਕਦੀ ਹੈ। ਲੋਕਲ ਅਥਾਰਟੀਆਂ ਲਈ ਸੇਧ ਨੂੰ ਲੋਕਲ ਅਥਾਰਟੀਆਂ ਲਈ ਸੇਧ ਵਿੱਚ ਦੱਸਿਆ ਜਾਂਦਾ ਹੈ।

ਜੇਕਰ ਰਜਿਸਟਰ ਹੋਏ ਪ੍ਰਦਾਤਾ ਨੂੰ ਇਸ ਬਾਰੇ ਚਿੰਤਾਵਾਂ ਹਨ ਕਿ ਸਟਾਫ ਦੇ ਪੱਧਰ ਸੇਵਾ ਨੂੰ ਸੁਰੱਖਿਅਤ ਢੰਗ ਨਾਲ ਚਲਾਉਣ ਲਈ ਉਨ੍ਹਾਂ ਦੀ ਯੋਗਤਾ ਉੱਤੇ ਅਸਰ ਪਾਉਂਦੇ ਹਨ, ਤਾਂ ਉਨ੍ਹਾਂ ਨੂੰ ਕੇਅਰ ਕੁਆਲਿਟੀ ਕਮਿਸ਼ਨ (ਰਜਿਸਟ੍ਰੇਸ਼ਨ) ਵਿਨਿਯਮ 2009 ਦੇ ਵਿਨਿਯਮ 18 (2) (ਜੀ) ਤਹਿਤ ਸੀ.ਕਿਊ.ਸੀ. ਨੂੰ ਇਸ ਬਾਰੇ ਸੂਚਿਤ ਕਰਨਾ ਜ਼ਰੂਰੀ ਹੁੰਦਾ ਹੈ: ਕੋਈ ਵੀ ਘਟਨਾ ਜੋ ਸੇਵਾ ਪ੍ਰਦਾਤਾ ਦੀ ਨਿਯੰਤ੍ਰਿਤ ਗਤੀਵਿਧੀ ਨੂੰ ਸੁਰੱਖਿਅਤ ਢੰਗ ਨਾਲ, ਜਾਂ ਰਜਿਸਟ੍ਰੇਸ਼ਨ ਦੀ ਜ਼ਰੂਰਤ ਅਨੁਸਾਰ ਲਗਾਤਾਰ ਕਰਨ ਦੀ ਯੋਗਤਾ ਉੱਤੇ ਰੋਕ ਲਗਾਉਂਦੀ ਹੈ ਜਾਂ ਸੇਵਾ ਪ੍ਰਦਾਤਾ ਨੂੰ ਲੱਗਦਾ ਹੈ ਕਿ ਇਸ ਕਾਰਨ (ਯੋਗਤਾ) ਉੱਤੇ ਰੋਕ ਦੇ ਖ਼ਤਰੇ ਦੀ ਸੰਭਾਵਨਾ ਹੈ, ਜਿਸ ਵਿੱਚ ਨਿਯੰਤ੍ਰਿਤ ਗਤੀਵਿਧੀ ਨੂੰ ਕਰਨ ਦੇ ਉਦੇਸ਼ਾਂ ਲਈ ਕੰਮ ਉੱਤੇ ਰੱਖਣ ਲਈ ਢੁਕਵੇਂ ਢੰਗ ਨਾਲ ਯੋਗਤਾ-ਪ੍ਰਾਪਤ, ਹੁਨਰਮੰਦ ਅਤੇ ਤਜਰਬੇਕਾਰ ਵਿਅਕਤੀਆਂ ਦੀ ਨਾਕਾਫੀ ਗਿਣਤੀ ਸ਼ਾਮਲ ਹੈ।

ਸੀ.ਕਿਊ.ਸੀ. ਨੇ ਵਿਧਾਨਕ ਅਧਿਸੂਚਨਾਵਾਂ ਬਾਰੇ ਅਗਲੇਰੀ ਜਾਣਕਾਰੀ ਮੁਹੱਈਆ ਕੀਤੀ ਹੈ

ਏ.ਸੀ.ਏ.ਐੱਸ. ਨੇ ਤੁਹਾਡੇ ਮਾਲਕ ਨਾਲ ਮੁੱਦੇ ਜਤਾਉਣ ਬਾਰੇ ਸੇਧ ਤਿਆਰ ਕੀਤੀ ਹੈ।

## (ਟੀਕਾਕਰਨਾਂ ਤੋਂ ਇਲਾਵਾ) ਹੋਰ ਉਪਾਅ ਜੋ ਤੁਹਾਡੇ ਮਾਲਕ ਨੂੰ ਤੈਅ ਕਰਨੇ ਚਾਹੀਦੇ ਹਨ।

ਇਹ ਮਹੱਤਵਪੂਰਨ ਹੈ ਕਿ (ਬਿਮਾਰੀ ਦੇ) ਫੈਲਾਵ ਦੇ ਜੋਖਮ ਨੂੰ ਘਟਾਉਣ ਲਈ ਕੇਅਰ ਹੋਮਾਂ ਵਿੱਚ ਦਾਖਲ ਹੋਣ ਵਾਲੇ ਸਾਰੇ ਵਿਅਕਤੀ ਇਨਫੈਕਸ਼ਨ ਰੋਕਣ ਲਈ ਨਿਯੰਤ੍ਰਣ ਉਪਾਆਂ ਦੀ ਪਾਲਣਾ ਕਰਨੀ ਜਾਰੀ ਰੱਖਣ।

ਪੀ.ਪੀ.ਈ. ਨਾਲ ਸੁਰੱਖਿਅਤ ਢੰਗ ਨਾਲ ਕੰਮ ਕਰਨ ਬਾਰੇ ਸੇਧ ਉਪਲਬਧ ਹੈ।

ਟੈਸਟ ਕਿੱਟਾਂ ਤੱਕ ਪਹੁੰਚ ਕਰਨ ਅਤੇ ਪੀ.ਸੀ.ਆਰ. ਅਤੇ ਰੈਪਿਡ ਲੈਟਰਲ ਫਲੋ ਟੈਸਟ ਕਿੱਟਾਂ ਬਾਰੇ ਸੇਧ ਉਪਲਬਧ ਹੈ।

ਜੇਕਰ ਤੁਸੀਂ ਸਵੈ-ਇਕਾਂਤਵਾਸ ਵਿੱਚ ਹੋ ਤਾਂ ਬਿਮਾਰੀ ਦੀ ਵਿਧਾਨਕ ਛੁੱਟੀ ਦੀ ਤਨਖ਼ਾਹ ਲਈ ਦਾਅਵਾ ਕਰਨ ਬਾਰੇ ਸੇਧ ਉਪਲਬਧ ਹੈ।

### ਕਿਹੜੀ ਸਹਾਇਤਾ ਉਪਲਬਧ ਹੈ।

ਜੇਕਰ ਤੁਹਾਨੂੰ ਟੀਕਾਕਰਨ ਕਰਵਾਉਣ ਬਾਰੇ ਚਿੰਤਾਵਾਂ ਹਨ ਜਾਂ ਕੋਈ ਪ੍ਰਸ਼ਨ ਹਨ, ਤਾਂ ਅਸੀਂ ਤੁਹਾਨੂੰ ਉਤਸ਼ਾਹਿਤ ਕਰਾਂਗੇ ਕਿ ਤੁਸੀਂ ਸੂਚਿਤ ਚੋਣ ਕਰਨ ਲਈ ਆਪਣੀ ਮਦਦ ਵਾਸਤੇ ਆਪਣੇ ਰਜਿਸਟਰ ਹੋਏ ਮੈਨੇਜਰ ਜਾਂ ਆਪਣੇ ਕਲਿਨਿਸ਼ੀਅਨ ਨਾਲ ਗੱਲਬਾਤ ਕਰੋ। ਸਰਕਾਰ ਨੇ ਵੱਖ-ਵੱਖ ਤਰ੍ਹਾਂ ਦੇ ਸ੍ਰੋਤ ਤਿਆਰ ਕੀਤੇ ਹਨ, ਉਹ ਸਾਰੇ 19 ਵੱਖ-ਵੱਖ ਭਾਸ਼ਾਵਾਂ ਵਿੱਚ ਉਪਲਬਧ ਹਨ। ਇਨ੍ਹਾਂ ਸ੍ਰੋਤਾਂ ਲਈ ਲਿੰਕ ਭੂਮਿਕਾ ਵਿੱਚ ਦੇਖੇ ਜਾ ਸਕਦੇ ਹਨ।

### ਟੀਕਾ ਕਿਵੇਂ ਲਗਾਉਣਾ ਹੈ

ਕੋਵਿਡ-19 ਟੀਕਾਕਰਨ ਬਾਰੇ ਸੇਧ: ਅਪੌਇੰਟਮੈਂਟਾਂ ਲਈ ਬੁਕਿੰਗਉਪਲਬਧ ਹੈ।

#### *ਪਰਿਦ੍ਰਿਸ਼ 1: ਜੇਕਰ ਤੁਹਾਡੀ ਉਮਰ 18 ਸਾਲ ਹੈ*

ਜੇਕਰ ਤੁਹਾਡੀ ਉਮਰ 18 ਸਾਲ ਤੋਂ ਘੱਟ ਹੈ ਤਾਂ ਤੁਹਾਨੂੰ ਟੀਕਾਕਰਨ ਜਾਂ ਛੋਟ ਦਾ ਸਬੂਤ ਮੁਹੱਈਆ ਨਹੀਂ ਕਰਨਾ ਪਏਗਾ। ਪਰ, ਜਦੋਂ ਤੁਸੀਂ 18 ਸਾਲ ਦੇ ਹੋ ਜਾਵੋਗੇ ਤਾਂ ਜੇਕਰ ਤੁਸੀਂ ਟੀਕਾਕਰਨ ਨਹੀਂ ਕਰਵਾਉਂਦੇ ਤਾਂ ਤੁਸੀਂ ਕੇਅਰ ਹੋਮ ਵਿੱਚ ਕੰਮ ਕਰਨਾ ਜਾਰੀ ਨਹੀਂ ਰੱਖ ਸਕੋਗੇ। ਤੁਹਾਨੂੰ 18 ਸਾਲ ਦੇ ਹੋਣ ਤੋਂ ਪਹਿਲਾਂ ਐੱਮ.ਐੱਚ.ਆਰ.ਏ. ਪ੍ਰਵਾਨਤ ਕੋਵਿਡ-19 ਟੀਕਾਕਰਨ ਦਾ ਮੁਕੰਮਲ ਕੋਰਸ ਕਰਵਾਉਣ ਲਈ ਯੋਜਨਾ ਬਣਾਉਣੀ ਚਾਹੀਦੀ ਹੈ - ਇਸ ਦਾ ਅਰਥ ਹੈ ਕਿ ਆਪਣੇ 18ਵੇਂ ਜਨਮ ਦਿਨ ਤੋਂ ਘੱਟੋ-ਘੱਟ 8 ਹਫ਼ਤੇ ਪਹਿਲਾਂ ਆਪਣੇ ਪਹਿਲੇ ਟੀਕੇ ਦੀ ਡੋਜ਼ ਲਈ ਬੁਕਿੰਗ ਕਰਨੀ। ਜੇਕਰ ਤੁਸੀਂ ਪਹਿਲਾਂ ਤੋਂ ਹੀ ਮੂਹਰਲੀ ਕਤਾਰ ਦੇ ਸਿਹਤ ਅਤੇ ਦੇਖਭਾਲ ਕਰਮਚਾਰੀ ਹੋ ਅਤੇ ਤੁਹਾਡੀ ਉਮਰ 16 ਸਾਲ ਤੋਂ ਜ਼ਿਆਦਾ ਹੈ, ਤਾਂ ਤੁਸੀਂ ਟੀਕੇ ਲਈ ਯੋਗਤਾ ਪੂਰੀ ਕਰਦੇ ਹੋ। ਜੇਕਰ ਤੁਸੀਂ ਇਸ ਸਮੇਂ ਸਿਹਤ ਜਾਂ ਦੇਖਭਾਲ ਕਰਮਚਾਰੀ ਨਹੀਂ ਹੋ, ਤਾਂ ਤੁਹਾਨੂੰ ਆਪਣੇ 18ਵੇਂ ਜਨਮ ਦਿਨ ਤੋਂ 3 ਮਹੀਨੇ ਪਹਿਲਾਂ ਟੀਕੇ ਦੀ ਪੇਸ਼ਕਸ਼ ਕੀਤੀ ਜਾਵੇਗੀ।

#### *ਪਰਿਦ੍ਰਿਸ਼ 2: ਜੇਕਰ ਤੁਸੀਂ ਸਕਾਟਲੈਂਡ ਜਾਂ ਵੇਲਜ਼ ਵਿੱਚ ਰਹਿੰਦੇ ਹੋ ਪਰ ਇੰਗਲੈਂਡ ਵਿੱਚ ਕੰਮ ਕਰਦੇ ਹੋ*

ਕਿਉਂਕਿ ਇਹ ਕਾਨੂੰਨ ਇੰਗਲੈਂਡ ਵਿੱਚ ਕੇਅਰ ਹੋਮ ਵਿੱਚ ਦਾਖਲ ਹੋਣ ਵਾਲੇ ਕਿਸੇ ਵੀ ਵਿਅਕਤੀ ਉੱਤੇ ਲਾਗੂ ਹੁੰਦਾ ਹੈ, ਇਸ ਲਈ ਤੁਹਾਨੂੰ ਟੀਕਾਕਰਨ ਕਰਵਾਉਣਾ ਪਏਗਾ। ਸਕਾਟਲੈਂਡ ਵਿੱਚ ਟੀਕਾਕਰਨ ਕਰਵਾਉਣ ਵਾਲੇ ਵਿਅਕਤੀ ਇਸ ਬਾਰੇ ਜਾਣਕਾਰੀ nhsinform.scot ਤੋਂ ਪ੍ਰਾਪਤ ਕਰ ਸਕਦੇ ਹਨ ਕਿ ਉਨ੍ਹਾਂ ਨੇ ਆਪਣੇ ਕੋਵਿਡ-19 ਟੀਕਾਕਰਨ ਦਾ ਰਿਕਾਰਡ ਕਿਵੇਂ ਪ੍ਰਾਪਤ ਕਰਨਾ ਹੈ। ਵੇਲਜ਼ ਵਿੱਚ ਟੀਕਾਕਰਨ ਕਰਵਾਉਣ ਵਾਲੇ ਵਿਅਕਤੀ ਇਸ ਬਾਰੇ ਜਾਣਕਾਰੀ gov.wales ਤੋਂ ਪ੍ਰਾਪਤ ਕਰ ਸਕਦੇ ਹਨ ਕਿ ਉਨ੍ਹਾਂ ਨੇ ਆਪਣੇ ਕੋਵਿਡ-19 ਟੀਕਾਕਰਨ ਦਾ ਰਿਕਾਰਡ ਕਿਵੇਂ ਪ੍ਰਾਪਤ ਕਰਨਾ ਹੈ।

# ਲੋਕਲ ਅਥਾਰਟੀਆਂ ਲਈ ਸੇਧ

11 ਨਵੰਬਰ 2021 ਤੋਂ, ਕੇਅਰ ਹੋਮਾਂ ਨੂੰ ਲਾਜ਼ਮੀ ਤੌਰ 'ਤੇ ਇੱਕ ਕੇਅਰ ਹੋਮ ਅੰਦਰ ਦਾਖਲੇ ਲਈ ਸਿਰਫ ਉਨ੍ਹਾਂ ਵਿਅਕਤੀਆਂ ਨੂੰ ਹੀ ਆਗਿਆ ਦੇਣੀ ਚਾਹੀਦੀ ਹੈ ਜਿਨ੍ਹਾਂ ਨੇ ਕੋਵਿਡ-19 ਤੋਂ ਬਚਾਅ ਲਈ ਪੂਰੀ ਤਰ੍ਹਾਂ ਟੀਕਾਕਰਨ ਕਰਵਾਇਆ ਹੁੰਦਾ ਹੈ (ਜਾਂ ਇਸ ਤੋਂ ਛੋਟ ਮਿਲੀ ਹੁੰਦੀ ਹੈ)। ਨੀਤੀ ਬਾਰੇ ਅਗਲੇਰਾ ਵੇਰਵਾ ਨੀਤੀ ਵਾਲੇ ਭਾਗ ਵਿੱਚ ਦਿੱਤਾ ਹੈ। ਸਬੂਤ ਲਈ ਲੋੜੀਂਦਾ ਵੇਰਵਾ ਸਬੂਤ ਦਿਖਾਉਣ ਬਾਰੇ ਆਮ ਸੇਧ ਵਿੱਚ ਹੈ, ਅਤੇ ਡਾਕਟਰੀ ਛੋਟਾਂ ਬਾਰੇ ਵੇਰਵਾ ਡਾਕਟਰੀ ਛੋਟਾਂ ਬਾਰੇ ਆਮ ਸੇਧ ਵਿੱਚ ਦਿੱਤਾ ਹੈ। ਇਨ੍ਹਾਂ ਵਿਨਿਯਮਾਂ ਨੂੰ ਲਾਗੂ ਕਰਨ ਲਈ ਲੋਕਲ ਅਥਾਰਟੀਆਂ ਦੇ ਨਿਭਾਉਣ ਲਈ ਮਹੱਤਵਪੂਰਨ ਭੂਮਿਕਾ ਹੁੰਦੀ ਹੈ।

ਇਸ ਮਹਾਂਮਾਰੀ ਦੇ ਸਮੁੱਚੇ ਸਮੇਂ ਦੌਰਾਨ, ਲੋਕਲ ਅਥਾਰਟੀਆਂ ਨੇ ਸਮਰਪਣ ਅਤੇ ਹਮਦਰਦੀ ਨਾਲ ਵਧੀਕ ਜ਼ਿੰਮੇਵਾਰੀਆਂ ਚੁੱਕੀਆਂ ਹਨ। ਉਨ੍ਹਾਂ ਨੇ ਕੇਅਰ ਹੋਮਾਂ ਵਿੱਚ ਟੀਕਾਕਰਨ ਦੀ ਸ਼ੁਰੂਆਤ ਵਿੱਚ ਅਤੇ ਪ੍ਰਦਾਤਾਵਾਂ ਦੀ ਇਹ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ ਕਿ ਕੇਅਰ ਹੋਮ ਵੱਧ ਤੋਂ ਵੱਧ ਸੁਰੱਖਿਅਤ ਹੋਣ।

ਕੇਅਰ ਹੋਮ ਚਲਾਉਣ ਵਾਲੇ ਮਾਲਕਾਂ ਵੱਜੋਂ, ਰਜਿਸਟਰ ਹੋਏ ਵਿਅਕਤੀਆਂ ਲਈ ਸੇਧ ਵਿੱਚ ਦਿੱਤੀ ਸੇਧ ਲੋਕਲ ਅਥਾਰਟੀਆਂ ਉੱਤੇ ਲਾਗੂ ਹੁੰਦੀ ਹੈ।

ਰੁਜ਼ਗਾਰਦਾਤਾ ਅਤੇ ਦੌਰਾ ਕਰਨ ਵਾਲੇ ਪੇਸ਼ੇਵਰਾਂ ਦੇ ਕੰਟਰੈਕਟਰਾਂ ਦੇ ਤੌਰ 'ਤੇ ਦੌਰਾ ਕਰਨ ਵਾਲੇ ਪੇਸ਼ੇਵਰਾਂ ਲਈ ਸੇਧ ਵਿੱਚ ਦਿੱਤੀ ਸੇਧ ਲੋਕਲ ਅਥਾਰਟੀਆਂ ਉੱਤੇ ਲਾਗੂ ਹੁੰਦੀ ਹੈ।

ਕੇਅਰ ਹੋਮਾਂ ਦੇ ਕਮਿਸ਼ਨਰ ਹੋਣ ਦੇ ਨਾਤੇ, ਲੋਕਲ ਅਥਾਰਟੀਆਂ ਨੂੰ ਟੀਕੇ ਵਿੱਚ ਵਿਸ਼ਵਾਸ ਵਧਾਉਣ ਦੀ ਮਦਦ ਕਰਨ ਲਈ ਕੇਅਰ ਹੋਮਾਂ ਨਾਲ ਲਗਾਤਾਰ ਨੇੜੇ ਹੋ ਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਉਨ੍ਹਾਂ ਵਿਅਕਤੀਆਂ ਲਈ ਟੀਕਾਕਰਨ ਤੱਕ ਫੌਰੀ ਪਹੁੰਚ ਯਕੀਨੀ ਬਣਾਉਣ ਵਿੱਚ ਵੀ ਮਦਦ ਕਰਨੀ ਚਾਹੀਦੀ ਹੈ ਜੋ ਪੇਸ਼ਕਸ਼ ਸਵੀਕਾਰ ਕਰਨ ਦਾ ਫੈਸਲਾ ਕਰਦੇ ਹਨ। ਇਸ ਕੰਮ ਦੀਆਂ ਉਦਾਹਰਣਾਂ ਵਿੱਚ ਸ਼ਾਮਲ ਹੈ:

- ਕਲਿਨਿਸ਼ੀਅਨਾਂ ਅਤੇ ਉਨ੍ਹਾਂ ਵਿਅਕਤੀਆਂ ਦਰਮਿਆਨ ਗੱਲਬਾਤ ਲਈ ਸਹਾਇਤਾ ਕਰਨੀ ਜਿਨ੍ਹਾਂ ਨੂੰ ਆਪਣੀਆਂ ਚਿੰਤਾਵਾਂ ਨੂੰ ਨਜਿੱਠਣ ਵਿੱਚ ਝਿਜਕ ਹੁੰਦੀ ਹੈ।
- ਅਣਇੱਛੁਕ ਸਟਾਫ ਨਾਲ ਖੁੱਲ੍ਹੀ ਗੱਲਬਾਤ ਕਰਨ ਲਈ ਰਜਿਸਟਰ ਹੋਏ ਮੈਨੇਜਰਾਂ ਦੀ ਸਹਾਇਤਾ ਕਰਨੀ
- ਜਣਨ ਸਮਰੱਥਾ ਬਾਰੇ ਚਿੰਤਾਵਾਂ ਲਈ ਮਿਡਵਾਈਫਾਂ ਨਾਲ ਗੱਲਬਾਤ ਦਾ ਇੰਤਜਾਮ ਕਰਨਾ
- ਸਟਾਫ ਅਤੇ ਵਸਨੀਕਾਂ ਨੂੰ ਟੀਕਾ ਲਗਾਉਣ ਲਈ ਕੇਅਰ ਹੋਮਾਂ ਵਿੱਚ ਜੀ.ਪੀਜ਼ ਦੇ ਦੌਰਿਆਂ ਲਈ ਮੁਲਾਕਾਤ ਕਰਨ ਵਾਸਤੇ ਸਥਾਨਕ ਐੱਨ.ਐੱਚ.ਐੱਸ. ਨਾਲ ਕੰਮ ਕਰਨਾ
- ਭਰੋਸੇਮੰਦ ਸ੍ਰੋਤਾਂ ਤੋਂ ਖਾਸ ਤੌਰ 'ਤੇ ਬਣੇ ਸ੍ਰੋਤਾਂ (ਵੈਬੀਨਾਰ, ਪ੍ਰਸ਼ਨ ਅਤੇ ਉੱਤਰ, ਵਿਅਕਤੀਗਤ ਆਧਾਰ ਵਾਲੀਆਂ ਮੀਟਿੰਗਾਂ) ਤੱਕ ਪਹੁੰਚ ਮੁਹੱਈਆ ਕਰਨੀ, ਸਿਹਤ ਅਤੇ ਸਮਾਜਿਕ ਦੇਖਭਾਲ ਦੇ ਵਿਭਾਗ ਤੋਂ ਸ੍ਰੋਤਾਂ ਬਾਰੇ ਮਾਰਗਦਰਸ਼ਨ ਕਰਵਾਉਣਾ
- ਇਹ ਯਕੀਨੀ ਬਣਾਉਣਾ ਕਿ ਪ੍ਰਦਾਤਾਵਾਂ ਕੋਲ ਇਨਫੈਕਸ਼ਨ ਕੰਟਰੋਲ ਫੰਡ ਰਾਹੀਂ ਫੰਡਿੰਗ ਉਪਲਬਧ ਹੁੰਦੀ ਹੈ - ਇਸ ਨਾਲ ਟੀਕਾਕਰਨ ਕਰਵਾਏ ਜਾਣ ਦੇ ਉਦੇਸ਼ਾਂ ਨਾਲ ਕੰਮ ਵਾਲੀ ਜਾਂ ਟੀਕਾਕਰਨ ਵਾਲੀ ਜਗ੍ਹਾ ਵਿੱਚ ਜਾਣ ਲਈ ਸਟਾਫ ਨੂੰ ਉਨ੍ਹਾਂ ਦੀਆਂ ਆਮ ਤਨਖਾਹਾਂ ਦਾ ਭੁਗਤਾਨ ਕਰਨ ਵਿੱਚ ਮਦਦ ਹੋ ਸਕਦੀ ਹੈ ਅਤੇ ਇਸ ਨਾਲ ਟੀਕਾਕਰਨ ਵਾਲੀ ਥਾਂ ਤੱਕ ਪਹੁੰਚ ਨਾਲ ਸਬੰਧਤ ਖ਼ਰਚਿਆਂ ਨੂੰ ਪੂਰਾ ਕਰਨ ਵਿੱਚ ਵੀ ਮਦਦ ਹੋ ਸਕਦੀ ਹੈ।
- ਟੀਕੇ ਵਿੱਚ ਭਰੋਸਾ ਪੈਦਾ ਕਰਨ ਲਈ ਸਥਾਨਕ ਆਗੂਆਂ ਅਤੇ ਧਾਰਮਿਕ ਆਗੂਆਂ ਨਾਲ ਸ਼ਾਮਲ ਹੋਣਾ

ਇਹ ਕੰਮ ਸਥਾਨਕ ਜਨ ਸਿਹਤ ਕਾਰਜ ਦੇ ਪ੍ਰਦਾਤਾਵਾਂ ਵੱਜੋਂ ਲੋਕਲ ਅਥਾਰਟੀਆਂ ਦੀ ਭੂਮਿਕਾ ਅਨੁਸਾਰ ਹੈ। ਲੋਕਲ ਅਥਾਰਟੀਆਂ ਇਨਫੈਕਸ਼ਨ ਨੂੰ ਨਿਯੰਤ੍ਰਣ ਕਰਨ ਅਤੇ ਟੀਕਾਕਰਨ ਨੂੰ ਸਵੀਕਾਰ ਕਰਨ ਲਈ ਕੇਅਰ ਹੋਮਾਂ ਨੂੰ ਸਲਾਹ ਦੇਣ ਦੇ ਸ੍ਰੋਤ ਵੱਜੋਂ ਅਹਿਮ ਭੂਮਿਕਾ ਅਦਾ ਕਰਦੀਆਂ ਹਨ।

ਲੋਕਲ ਅਥਾਰਟੀਆਂ ਨੂੰ ਕੇਅਰ ਹੋਮਾਂ ਦੀਆਂ ਕਾਰੋਬਾਰੀ ਲਗਾਤਾਰਤਾ ਯੋਜਨਾਵਾਂ ਦੀ ਸਮੀਖਿਆ ਕਰਨ ਅਤੇ ਉਨ੍ਹਾਂ ਨੂੰ ਮਜਬੂਤ ਕਰਨ ਵਾਸਤੇ ਸਹਾਇਤਾ ਲਈ ਉਨ੍ਹਾਂ ਨਾਲ ਕੰਮ ਵੀ ਕਰਨਾ ਚਾਹੀਦਾ ਹੈ। ਲੋਕਲ ਅਥਾਰਟੀਆਂ ਨੂੰ ਸਥਾਨਕ ਤੌਰ 'ਤੇ ਸੇਵਾਵਾਂ ਉੱਤੇ ਸੰਭਾਵੀ ਅਸਰ ਬਾਰੇ ਸਪਸ਼ਟ ਹੋਣ ਲਈ ਅਤੇ ਪ੍ਰਤੀਕਿਰਿਆ ਪ੍ਰਗਟ ਕਰਨ ਸਕਣ ਲਈ ਆਪਣੀਆਂ ਖੁਦ ਦੀਆਂ ਲਾਗਾਤਾਰਤਾ ਯੋਜਨਾਵਾਂ ਦੀ ਵੀ ਸਮੀਖਿਆ ਕਰਨੀ ਚਾਹੀਦੀ ਹੈ। ਮਿਸਾਲ ਲਈ, ਸਟਾਫ ਦੀ ਕਮੀ ਹੋਣ ਦੀ ਸੂਰਤ ਵਿੱਚ ਸਟਾਫ ਦੀ ਐਮਰਜੈਂਸੀ ਮੁੜ-ਤੈਨਾਤੀ ਬਾਰੇ ਅਤੇ ਕੇਅਰ ਹੋਮਾਂ ਨੂੰ ਸ੍ਰੋਤ ਦੇਣ ਲਈ ਆਪਸੀ ਸਹਾਇਤਾ ਬਾਰੇ ਪਤਾ ਲਗਾ ਕੇ।

ਉੱਪਰ ਧਿਆਨ ਦੁਆਏ ਮੁਤਾਬਕ, ਲੋਕਲ ਅਥਾਰਟੀਆਂ ਨੂੰ ਇਹ ਯਕੀਨੀ ਬਣਾਉਣ ਲਈ ਕੰਮ ਕਰਨਾ ਚਾਹੀਦਾ ਹੈ ਕਿ ਨਿੱਜੀ ਪ੍ਰਦਾਤਾ 16 ਹਫ਼ਤਿਆਂ ਦੇ ਮੁਹਲਤ ਦੇ ਸਮੇਂ ਦੀ ਸਮਾਪਤੀ ਤੱਕ ਜ਼ਰੂਰਤ ਨੂੰ ਪੂਰਾ ਕਰ ਸਕਣ। ਉਨ੍ਹਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਉਨ੍ਹਾਂ ਦੇ ਆਪਣੇ ਕੇਅਰ ਹੋਮ ਪਾਲਣਾ ਪ੍ਰਤੀ ਕੰਮ ਕਰਦੇ ਹੋ ਅਤੇ ਇਹ ਕਿ ਉਹ ਸੇਵਾਵਾਂ ਮੁਹੱਈਆ ਕਰਨੀਆਂ ਜਾਰੀ ਰੱਖ ਸਕਣ।

### ਲੋਕਲ ਅਥਾਰਟੀਆਂ ਲਈ ਉਦੇਸ਼ਤ ਸਹਾਇਤਾ

ਅਸੀਂ ਇਹ ਯਕੀਨੀ ਬਣਾਉਣ ਲਈ ਸਕਿੱਲਜ਼ ਫਾਰ ਕੇਅਰ ਨਾਲ ਕੰਮ ਕਰ ਰਹੇ ਹਾਂ ਕਿ ਸ੍ਰੋਤ ਤੈਅ ਹੋਣ। ਇਸ ਵਿੱਚ ਸਮਰੱਥਾ ਅਤੇ ਵਰਕਫੋਰਸ ਦੀ ਯੋਜਨਾ, ਭਰਤੀ ਅਤੇ ਭਲਾਈ ਨਾਲ ਪ੍ਰਦਾਤਾਵਾਂ ਅਤੇ ਲੋਕਲ ਅਥਾਰਟੀਆਂ ਦੀ ਸਹਾਇਤਾ ਕਰਨ ਲਈ ਸੇਧ ਅਤੇ ਬਿਹਤਰੀਨ ਵਿਹਾਰ ਸ਼ਾਮਲ ਹਨ। ਸਕਿੱਲਜ਼ ਫਾਰ ਕੇਅਰ ਲੋਕਲ ਅਥਾਰਟੀਆਂ ਅਤੇ ਰੁਜ਼ਗਾਰਦਾਤਾਵਾਂ ਨੂੰ ਸਥਾਨਕ ਅਤੇ ਰਾਸ਼ਟਰੀ ਵਰਕਫੋਰਸ ਸਹਾਇਤਾ ਵੀ ਮੁਹੱਈਆ ਕਰੇਗੀ।

ਅਸੀਂ (ਟੀਕੇ) ਲਗਵਾਉਣ ਅਤੇ ਟੀਕਿਆਂ ਤੱਕ ਪਹੁੰਚ ਨੂੰ ਯਕੀਨੀ ਬਣਾਉਣ ਲਈ ਲੋਕਲ ਅਥਾਰਟੀਆਂ ਨਾਲ ਕੰਮ ਕਰਨਾ ਜਾਰੀ ਰੱਖਾਂਗੇ, ਖਾਸ ਤੌਰ 'ਤੇ ਘੱਟ ਟੀਕੇ ਲਗਵਾਉਣ ਵਾਲੇ ਖੇਤਰਾਂ ਵਿੱਚ ਅਸੀਂ ਅਗਲੇਰੀ ਸਹਾਇਤਾ ਲਈ ਲੋੜ ਬਾਰੇ ਸਮੀਖਿਆ ਜਾਰੀ ਰੱਖਾਂਗੇ। ਸਕਿੱਲਜ਼ ਫਾਰ ਕੇਅਰ ਸ੍ਰੋਤ ਉਪਲਬਧ ਹਨ।

### ਅਗਲੇਰੀ ਸਹਾਇਤਾ

ਲੋਕਲ ਅਥਾਰਟੀਆਂ ਲੋਕਲ ਗਵਰਨਮੈਂਟ ਐਸੋਸੀਏਸ਼ਨ ਕੋਵਿਡ-19 ਸੇਵਾ ਬਰੇ ਜਾਣਕਾਰੀ ਅਤੇਇੰਗਲੈਂਡ ਵਿੱਚ ਬਾਲਗ ਸਮਾਜਿਕ ਸੇਵਾਵਾਂ ਦੇ ਡਾਇਰੈਕਟਰਾਂ ਦੀ ਐਸੋਸੀਏਸ਼ਨ (ਏ.ਡੀ.ਏ.ਐੱਸ.ਐੱਸ.) ਤੋਂ ਅਗਲੇਰੀ ਸਹਾਇਤਾ ਲੈ ਸਕਦੀਆਂ ਹਨ।

## ਵਸਨੀਕਾਂ ਅਤੇ ਵਸਨੀਕਾਂ ਦੇ ਰਿਸ਼ਤੇਦਾਰਾਂ ਅਤੇ ਦੋਸਤਾਂ ਲਈ ਸੇਧ

### ਕੀ ਬਦਲ ਰਿਹਾ ਹੈ

11 ਨਵੰਬਰ 2021 ਤੋਂ ਕੇਅਰ ਹੋਮਾਂ ਨੂੰ ਲਾਜ਼ਮੀ ਤੌਰ 'ਤੇ ਸਿਰਫ ਉਨ੍ਹਾਂ ਵਿਅਕਤੀਆਂ ਨੂੰ ਕੇਅਰ ਹੋਮ ਵਿੱਚ ਦਾਖਲ ਹੋਣ ਦੇਣਾ ਚਾਹੀਦਾ ਹੈ ਜਿਨ੍ਹਾਂ ਦਾ ਕੋਵਿਡ-19 ਤੋਂ ਬਚਾਅ ਲਈ ਪੂਰੀ ਤਰ੍ਹਾਂ ਨਾਲ ਟੀਕਾਕਰਨ ਹੋਇਆ ਹੁੰਦਾ ਹੈ (ਜਾਂ ਛੋਟ ਮਿਲੀ ਹੁੰਦੀ ਹੈ)। ਇਸ ਵਿੱਚ ਇਹ ਸ਼ਾਮਲ ਨਹੀਂ ਹੋਣਗੇ।

- ਵਸਨੀਕ
- ਐਮਰਜੈਂਸੀ ਸਹਾਇਤਾ ਮੁਹੱਈਆ ਕਰਨ ਵਾਲੇ ਵਿਅਕਤੀ ਅਤੇ ਐਮਰਜੈਂਸੀ ਸੇਵਾਵਾਂ ਦੇ ਮੈਂਬਰ
- ਅਤਿ-ਜ਼ਰੂਰੀ ਸਾਂਭ-ਸੰਭਾਲ ਲਈ ਸਹਾਇਤਾ ਮੁਹੱਈਆ ਕਰਨ ਵਾਲੇ ਵਿਅਕਤੀ
- ਵਸਨੀਕ ਦੇ ਦੋਸਤ ਜਾਂ ਰਿਸ਼ਤੇਦਾਰ
- ਉਨ੍ਹਾਂ ਵਸਨੀਕਾਂ ਨੂੰ ਮਿਲਣ ਆ ਰਹੇ ਵਿਅਕਤੀ ਜੋ ਮਰ ਰਹੇ ਹਨ ਜਾਂ ਸੋਗ ਸਬੰਧੀ ਸਹਾਇਤਾ ਦੇਣ ਲਈ ਆ ਰਹੇ ਹਨ
- 18 ਸਾਲ ਤੋਂ ਘੱਟ ਉਮਰ ਵਾਲੇ

ਨੀਤੀ ਬਾਰੇ ਅਗਲੇਰਾ ਵੇਰਵਾ ਨੀਤੀ ਵਾਲੇ ਭਾਗ ਵਿੱਚ ਦਿੱਤਾ ਹੈ। ਸਬੂਤ ਲਈ ਲੋੜੀਂਦਾ ਵੇਰਵਾ ਸਬੂਤ ਦਿਖਾਉਣ ਬਾਰੇ ਆਮ ਸੇਧ ਵਿੱਚ ਹੈ, ਅਤੇ ਡਾਕਟਰੀ ਛੋਟਾਂ ਬਾਰੇ ਵੇਰਵਾ ਡਾਕਟਰੀ ਛੋਟਾਂ ਬਾਰੇ ਆਮ ਸੇਧ ਵਿੱਚ ਦਿੱਤਾ ਹੈ।

### ਇਹ ਤਬਦੀਲੀਆਂ ਤੁਹਾਡੇ ਉੱਤੇ ਕਿਵੇਂ ਅਸਰ ਪਾਉਣਗੀਆਂ

ਇਸ ਨੀਤੀ ਦੀ ਸ਼ੁਰੂਆਤ (ਕੇਅਰ) ਹੋਮ ਵਿੱਚ ਕੋਵਿਡ-19 ਦੇ ਫੈਲਾਵ ਦੇ ਜੋਖਮ ਨੂੰ ਘਟਾਉਣ ਲਈ ਤੁਹਾਡੀ, ਹੋਰਨਾਂ ਵਸਨੀਕਾਂ ਅਤੇ ਸਟਾਫ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕੀਤੀ ਗਈ ਹੈ।

ਇਸ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਇਸ ਦਸਤਾਵੇਜ਼ ਦੀ ਭੂਮਿਕਾ ਦੇਖੋ ਕਿ ਟੀਕਾਕਰਨ ਐਨਾ ਮਹੱਤਵਪੂਰਨ ਕਿਉਂ ਹੈ।

## ਜੇਕਰ ਤੁਹਾਡੀ ਦੇਖਭਾਲ ਕਰਨ ਵਾਲੇ ਵਿਅਕਤੀਆਂ ਦਾ ਟੀਕਾਕਰਨ ਨਹੀਂ ਕੀਤਾ ਗਿਆ ਤਾਂ ਤੁਹਾਡੀ ਦੇਖਭਾਲ ਦਾ ਕੀ ਹੋਵੇਗਾ।

ਅਸੀਂ ਦੇਖਭਾਲ ਪ੍ਰਦਾਤਾਵਾਂ ਦੀ ਸਹਾਇਤਾ ਕਰਨ ਲਈ ਉਨ੍ਹਾਂ ਨਾਲ ਕੰਮ ਕਰ ਰਹੇ ਹਾਂ ਜੋ ਉਨ੍ਹਾਂ ਦੇ ਸਾਰੇ ਸਟਾਫ ਵੱਲੋਂ ਟੀਕਾਕਰਨ ਦਾ ਮੌਕਾ ਸਵੀਕਾਰ ਕਰਨ ਲਈ ਸਹਾਇਤਾ ਕੀਤੀ ਜਾਵੇ। ਸਟਾਫ ਨੂੰ ਫੇਰ ਵੀ 11 ਨਵੰਬਰ 2021 ਤੱਕ ਕੋਵਿਡ-19 ਟੀਕਾਕਰਨ ਜਾਂ ਡਾਕਟਰੀ ਛੋਟ ਦਾ ਸਬੂਤ ਮੁਹੱਈਆ ਕਰਨ ਦੀ ਲੋੜ ਹੋਵੇਗੀ। ਜੇਕਰ ਇੱਕ ਸਟਾਫ ਮੈਂਬਰ ਇਹ ਮੁਹੱਈਆ ਨਹੀਂ ਕਰ ਸਕਦਾ, ਤਾਂ ਉਨ੍ਹਾਂ ਨੂੰ ਕਿਸੇ ਹੋਰ ਭੂਮਿਕਾ ਵਿੱਚ ਕੰਮ ਕਰਨ ਦੀ ਸ਼ੁਰੂਆਤ ਕਰਨੀ ਪੈ ਸਕਦੀ ਹੈ ਅਤੇ ਉਹ ਤੁਹਾਡੇ ਨਾਲ ਕੰਮ ਨਹੀਂ ਕਰ ਸਕਦੇ। ਜੇਕਰ ਤੁਸੀਂ ਇਸ ਬਾਰੇ ਚਿੰਤਤ ਹੋ ਜਾਂ ਤੁਹਾਡੇ ਕੋਲ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ ਆਪਣੇ ਕੇਅਰ ਹੋਮ ਦੇ ਇੱਕ ਸਟਾਫ ਮੈਂਬਰ ਜਾਂ ਮੈਨੇਜਰ ਨਾਲ ਗੱਲ ਕਰੋ।

ਜੇਕਰ ਕੋਈ ਸਟਾਫ ਮੈਂਬਰ ਸੈਕਟਰ ਛੱਡ ਕੇ ਜਾਂਦੇ ਹਨ, ਤਾਂ ਪ੍ਰਦਾਤਾਵਾਂ ਲਈ ਸੇਧ ਅਤੇ ਸ੍ਰੋਤ ਤੈਅ ਕੀਤੇ ਜਾਣਗੇ। ਇਹ ਇਸ ਗੱਲ ਨੂੰ ਯਕੀਨੀ ਬਣਾਏਗਾ ਕਿ ਉਹ ਢੁਕਵੇਂ ਬਦਲਵੇਂ ਵਿਅਕਤੀ ਦੀ ਭਰਤੀ ਕਰ ਸਕਦੇ ਹਨ ਜੋ ਤੁਹਾਡੀ ਲੋੜ ਵਾਲੀ ਦੇਖਭਾਲ ਮੁਹੱਈਆ ਕਰ ਸਕਦਾ ਹੈ।

ਡਾਕਟਰੀ ਛੋਟਾਂ ਲਾਗੂ ਹੋਣ ਕਰਕੇ, ਸਾਰੇ ਸਟਾਫ ਮੈਂਬਰ ਟੀਕਾ ਨਹੀਂ ਲਗਵਾ ਸਕਣਗੇ ਕਿਉਂਕਿ ਕੁਝ ਕੁ ਨੂੰ ਅਜਿਹਾ ਨਾ ਕਰਨ ਲਈ ਸਿਹਤ-ਸਬੰਧੀ ਕਾਰਨ ਹੋ ਸਕਦਾ ਹੈ। ਜੇਕਰ ਤੁਸੀਂ ਇਸ ਬਾਰੇ ਚਿੰਤਤ ਹੋ, ਤਾਂ ਤੁਸੀਂ ਆਪਣੇ ਕੇਅਰ ਹੋਮ ਦੇ ਇੱਕ ਸਟਾਫ ਮੈਂਬਰ ਜਾਂ ਮੈਨੈਜਰ ਨਾਲ ਗੱਲ ਕਰ ਸਕਦੇ ਹੋ।

## ਕੇਅਰ ਹੋਮ ਵਿੱਚ ਆਪਣੇ ਪਿਆਰਿਆਂ ਨਾਲ ਮੁਲਾਕਾਤ ਕਰਨੀ

ਇਹ ਨੀਤੀ ਕੇਅਰ ਹੋਮ ਦੇ ਵਸਨੀਕਾਂ ਦੇ ਪਰਿਵਾਰ ਅਤੇ ਦੋਸਤਾਂ ਉੱਤੇ ਲਾਗੂ ਨਹੀਂ ਹੁੰਦੀ।

## ਉਹ ਮੁਲਾਕਾਤੀ ਜੋ ਪਰਿਵਾਰ ਜਾਂ ਦੋਸਤ ਨਹੀਂ ਹਨ

ਜੇਕਰ ਤੁਸੀਂ ਪੇਸ਼ੇਵਰ (ਮਿਸਾਲ ਲਈ ਹੇਅਰਡ੍ਰੈਸਰ) ਨੂੰ ਕੇਅਰ ਹੋਮ ਵਿੱਚ ਸੱਦ ਰਹੇ ਹੋ, ਤਾਂ ਜ਼ਰੂਰਤ ਉਨ੍ਹਾਂ ਉੱਤੇ ਲਾਗੂ ਹੋਵੇਗੀ। ਤੁਹਾਨੂੰ ਇਸ ਬਾਰੇ ਚਰਚਾ ਕਰਨ ਲਈ ਸਟਾਫ ਦੇ ਇੱਕ ਮੈਂਬਰ ਜਾਂ ਆਪਣੇ ਕੇਅਰ ਹੋਮ ਦੇ ਮੈਨੇਜਰ ਨਾਲ ਗੱਲ ਕਰਨੀ ਚਾਹੀਦੀ ਹੈ ਕਿ ਉਹ ਜ਼ਰੂਰਤ ਦੀ ਪਾਲਣਾ ਕਿਵੇਂ ਕਰ ਸਕਦੇ ਹਨ।

## ਜੇਕਰ ਕੇਅਰ ਹੋਮ ਕੋਲ ਟੀਕਾਕਰਨ ਕਰਵਾਇਆ ਲੋੜੀਂਦਾ ਸਟਾਫ ਨਹੀਂ ਹੁੰਦਾ ਤਾਂ ਸਹਾਇਤਾ ਉਪਲਬਧ ਹੁੰਦੀ ਹੈ।

ਇਸ ਗੱਲ ਦੀ ਸੰਭਾਵਨਾ ਨਹੀਂ ਹੈ ਕਿ ਕੇਅਰ ਹੋਮ ਇਸ ਤਰੀਕੇ ਨਾਲ ਪ੍ਰਭਾਵਿਤ ਹੋਵੇਗਾ। ਅਸੀਂ ਕੇਅਰ ਹੋਮਾਂ ਨੂੰ 16 ਹਫ਼ਤਿਆਂ ਦਾ ਨੋਟਿਸ ਦਿੱਤਾ ਹੈ ਜਿਸ ਨਾਲ ਉਨ੍ਹਾਂ ਨੂੰ ਟੀਕਾ ਨਾ ਲਗਵਾਉਣ ਵਾਲੇ ਸਟਾਫ ਨਾਲ ਕੰਮ ਕਰਨ ਦਾ ਸਮਾਂ ਮਿਲ ਸਕੇ। ਇਹ ਇਸ ਗੱਲ ਨੂੰ ਯਕੀਨੀ ਬਣਾਏਗਾ ਕਿ ਉਹ ਤੁਹਾਡੀ ਦੇਖਭਾਲ ਦੇ ਪ੍ਰਦਾਤਾ ਹੋਣ ਦੇ ਨਾਤੇ ਆਪਣੀਆਂ ਕਾਨੂੰਨੀ ਜ਼ਰੂਰਤਾਂ ਪੂਰੀਆਂ ਕਰ ਸਕਣ। ਸਾਨੂੰ ਪਤਾ ਹੈ ਕਿ ਬਹੁਤ ਸਾਰੇ ਕੇਅਰ ਹੋਮ ਆਪਣੀਆਂ ਟੀਮਾਂ ਵਿੱਚ ਸ਼ਾਮਲ ਕਰਨ ਲਈ ਸਰਗਰਮੀ ਨਾਲ ਲਗਾਤਾਰ ਸਟਾਫ ਭਰਤੀ ਕਰ ਰਹੇ ਹਨ ਜਿਨ੍ਹਾਂ ਨੇ ਟੀਕਾ ਲਗਾਇਆ ਹੋਇਆ ਹੈ।

ਉੱਥੇ ਸਹਾਇਤਾ ਤੈਅ ਹੈ ਜਿੱਥੇ ਕੇਅਰ ਹੋਮਾਂ ਨੂੰ ਸੇਵਾ ਵਿੱਚ ਸੁਰੱਖਿਅਤ ਢੰਗ ਸਟਾਫ ਭਰਤੀ ਕਰਨ ਦੀ ਆਪਣੀ ਯੋਗਤਾ ਬਾਰੇ ਚਿੰਤਾਵਾਂ ਹਨ। ਇਸ ਵਿੱਚ ਕੇਅਰ ਹੋਮਾਂ ਵੱਲੋਂ ਲੋਕਲ ਅਥਾਰਟੀ ਅਤੇ ਕੇਅਰ ਕੁਆਲਿਟੀ ਕਮਿਸ਼ਨ ਕੋਲ ਆਪਣੀਆਂ ਚਿੰਤਾਵਾਂ ਜਤਾਉਣੀਆਂ ਸ਼ਾਮਲ ਹਨ। ਕੇਅਰ ਹੋਮਾਂ ਨੂੰ ਇਹ ਯਕੀਨੀ ਬਣਾਉਣ ਲਈ ਸੈਕਟਰ ਵਿੱਚ ਸਾਥੀ-ਕਰਮਚਾਰੀਆਂ ਨਾਲ ਵੀ ਕੰਮ ਕਰਨਾ ਚਾਹੀਦਾ ਹੈ ਕਿ ਉਹ ਤੁਹਾਡੀ ਸੁਰੱਖਿਅਤ ਢੰਗ ਨਾਲ ਦੇਖਭਾਲ ਜਾਰੀ ਰੱਖ ਸਕਦੇ ਹਨ।

ਜੇਕਰ ਤੁਹਾਡੇ ਕੋਲ ਇਸ ਨੀਤੀ ਬਾਰੇ ਕੋਈ ਹੋਰ ਪ੍ਰਸ਼ਨ ਹਨ ਅਤੇ ਇਸ ਬਾਰੇ ਕਿ ਇਹ ਕਿਵੇਂ ਤੁਹਾਡੇ ਅਤੇ ਹੋਰਨਾਂ ਵਸਨੀਕਾਂ ਉੱਤੇ ਅਸਰ ਪਾ ਸਕਦੀ ਹੈ, ਤਾਂ ਕਿਰਪਾ ਕਰਕੇ ਸਟਾਫ ਮੈਂਬਰ ਜਾਂ ਆਪਣੇ ਕੇਅਰ ਹੋਮ ਦੇ ਮੈਨੇਜਰ ਨਾਲ ਗੱਲ ਕਰੋ।

# ਦੌਰਾ ਕਰਨ ਵਾਲੇ ਪੇਸ਼ੇਵਰਾਂ ਲਈ ਸੇਧ

11 ਨਵੰਬਰ 2021 ਤੋਂ ਕੇਅਰ ਹੋਮਾਂ ਨੂੰ ਲਾਜ਼ਮੀ ਤੌਰ 'ਤੇ ਸਿਰਫ ਉਨ੍ਹਾਂ ਵਿਅਕਤੀਆਂ ਨੂੰ ਕੇਅਰ ਹੋਮ ਵਿੱਚ ਦਾਖਲ ਹੋਣ ਦੇਣਾ ਚਾਹੀਦਾ ਹੈ ਜਿਨ੍ਹਾਂ ਦਾ ਕੋਵਿਡ-19 ਤੋਂ ਬਚਾਅ ਲਈ ਪੂਰੀ ਤਰ੍ਹਾਂ ਨਾਲ ਟੀਕਾਕਰਨ ਹੋਇਆ ਹੁੰਦਾ ਹੈ (ਜਾਂ ਛੋਟ ਮਿਲੀ ਹੁੰਦੀ ਹੈ)। ਇਹ ਜ਼ਰੂਰਤ ਕੇਅਰ ਹੋਮ ਵਿੱਚ ਪੇਸ਼ੇਵਰ ਹੈਸੀਅਤ ਨਾਲ ਆਉਣ ਵਾਲੇ ਵਿਅਕਤੀਆਂ ਉੱਤੇ ਲਾਗੂ ਹੋਵੇਗੀ ਜਦੋਂ ਤੱਕ ਉਨ੍ਹਾਂ ਨੂੰ ਛੋਟ ਨਹੀਂ ਮਿਲੀ ਹੁੰਦੀ।

ਨੀਤੀ ਬਾਰੇ ਅਗਲੇਰਾ ਵੇਰਵਾ ਨੀਤੀ ਵਾਲੇ ਭਾਗ ਵਿੱਚ ਦਿੱਤਾ ਹੈ। ਸਬੂਤ ਲਈ ਲੋੜੀਂਦਾ ਵੇਰਵਾ ਸਬੂਤ ਦਿਖਾਉਣ ਬਾਰੇ ਆਮ ਸੇਧ ਵਿੱਚ ਹੈ, ਅਤੇ ਡਾਕਟਰੀ ਛੋਟਾਂ ਬਾਰੇ ਵੇਰਵਾ ਡਾਕਟਰੀ ਛੋਟਾਂ ਬਾਰੇ ਆਮ ਸੇਧ ਵਿੱਚ ਦਿੱਤਾ ਹੈ।

### ਦਾਇਰਾ

ਕੇਅਰ ਹੋਮ ਵਿੱਚ ਨਾ ਰਹਿਣ ਵਾਲੇ ਵੱਖ-ਵੱਖ ਤਰ੍ਹਾਂ ਦੇ ਵਿਅਕਤੀਆਂ ਨੂੰ ਆਪਣੇ ਕੰਮ ਦੇ ਹਿੱਸੇ ਵੱਜੋਂ ਕੇਅਰ ਹੋਮ ਵਿੱਚ ਦਾਖਲ ਹੋਣ ਦੀ ਲੋੜ ਹੈ। ਇਸ ਵਿੱਚ ਜਨ ਸੇਵਕ ਸ਼ਾਮਲ ਹੁੰਦੇ ਹਨ ਜਿਨ੍ਹਾਂ ਵਿੱਚ ਦੌਰਾ ਕਰਨ ਵਾਲੇ ਸਿਹਤ-ਸੰਭਾਲ ਪੇਸ਼ੇਵਰ ਜਾਂ ਸਮਾਜਿਕ ਦੇਖਭਾਲ ਦੇ ਪੇਸ਼ੇਵਰ, ਅਤੇ ਇਸ ਦੇ ਨਾਲ-ਨਾਲ ਹੇਅਰਡ੍ਰੈਸਿੰਗ, ਸਾਂਭ-ਸੰਭਾਲ ਅਤੇ ਗਤੀਵਿਧੀਆਂ ਵਰਗੀਆਂ ਗ਼ੈਰ-ਦੇਖਭਾਲ ਸੇਵਾਵਾਂ ਪ੍ਰਦਾਨ ਕਰਨ ਵਾਲੇ ਵਿਅਕਤੀ ਸ਼ਾਮਲ ਹਨ।

ਇਹ ਪਤਾ ਲਗਾਉਣ ਲਈ ਕਿਰਪਾ ਕਰਕੇ ਨੀਤੀ ਵਾਲੇ ਭਾਗ ਵਿੱਚ ਜਾਓ ਕਿ ਕੀ ਇਹ ਤੁਹਾਡੇ ਉੱਤੇ ਲਾਗੂ ਹੁੰਦਾ ਹੈ।

### ਐਮਰਜੈਂਸੀ ਦੌਰੇ

ਵਿਨਿਯਮ ਉੱਥੇ ਇੱਕ ਛੋਟ ਮੁਹੱਈਆ ਕਰਦਾ ਹੈ ਜਿੱਥੇ ਕਿਸੇ ਵਿਅਕਤੀ ਲਈ ਇਹ ਮੁਨਾਸਬ ਤੌਰ 'ਤੇ ਜ਼ਰੂਰੀ ਹੁੰਦਾ ਹੈ ਕਿ ਉਹ ਕੇਅਰ ਹੋਮ ਦੇ ਸਬੰਧ ਵਿੱਚ ਅਤਿ-ਜ਼ਰੂਰੀ ਸਾਂਭ-ਸੰਭਾਲ ਜਾਂ ਐਮਰਜੈਂਸੀ ਸਹਾਇਤਾ ਮੁਹੱਈਆ ਕਰੇ।

(ਕੇਅਰ) ਹੋਮ ਦੇ ਰਜਿਸਟਰ ਹੋਏ ਮੈਨੇਜਰ ਇਹ ਨਿਰਧਾਰਨ ਕਰ ਸਕਣਗੇ ਕਿ ਉਨ੍ਹਾਂ ਦੀ ਆਪਣੀ ਜਗ੍ਹਾ ਲਈ ਕਿਹੜੀ ਗੱਲ ਐਮਰਜੈਂਸੀ ਹੋਵੇਗੀ। ਛੋਟ ਐਮਰਜੈਂਸੀ ਸੇਵਾਵਾਂ ਦੇ ਸਾਰੇ ਸਟਾਫ ਉੱਤੇ ਲਾਗੂ ਹੁੰਦੀ ਹੈ ਜੋ ਆਪਣੀਆਂ ਡਿਊਟੀਆਂ ਨਿਭਾਉਣ ਲਈ ਕੇਅਰ ਹੋਮ ਵਿੱਚ ਆਉਂਦੇ ਹਨ। ਛੋਟ ਉਸ ਕਿਸੇ ਵਿਅਕਤੀ ਉੱਤੇ ਵੀ ਲਾਗੂ ਹੋਵੇਗਾ ਜੋ ਕੇਅਰ ਹੋਮ ਵਿੱਚ ਇੱਕ ਘਟਨਾ ਕਰਕੇ ਐਮਰਜੈਂਸੀ ਸਹਾਇਤਾ ਲਈ ਕੇਅਰ ਹੋਮ ਵਿੱਚ ਦਾਖਲ ਹੋ ਰਿਹਾ ਹੈ।

ਅਸੀਂ ਆਸ ਕਰਦੇ ਹਾਂ ਕਿ ਅਤਿ-ਜ਼ਰੂਰੀ ਸਾਂਭ-ਸੰਭਾਲ ਦੀ ਸਹਾਇਤਾ ਸਿਰਫ ਉੱਥੇ ਲਾਗੂ ਹੁੰਦੀ ਹੈ ਜਿੱਥੇ ਵਸਨੀਕਾਂ ਦੀ ਦੇਖਭਾਲ ਦੀ ਗੁਣਵੱਤਾ ਉੱਤੇ ਕਾਫੀ ਜ਼ਿਆਦਾ ਅਸਰ ਪੈਂਦਾ ਹੈ ਜਾਂ ਜ਼ਿੰਦਗੀ ਨੂੰ ਜੋਖਮ ਹੁੰਦਾ ਹੈ।

### ਛੋਟਾਂ

ਜ਼ਰੂਰਤ ਲਈ ਛੋਟਾਂ ਸਿਰਫ ਉਸ ਵਿਅਕਤੀ ਉੱਤੇ ਲਾਗੂ ਹੋ ਸਕਦੀਆਂ ਹਨ ਜੋ ਕੇਅਰ ਹੋਮ ਦੇ ਸਬੰਧ ਵਿੱਚ ਅਤਿ-ਜ਼ਰੂਰੀ ਸਾਂਭ-ਸੰਭਾਲ ਜਾਂ ਐਮਰਜੈਂਸੀ ਸਹਾਇਤਾ ਮੁਹੱਈਆ ਕਰਦਾ ਹੈ। ਇਹ ਕੇਅਰ ਹੋਮ ਦੇ ਰਜਿਸਟਰ ਹੋਏ ਮੈਨੇਜਰਾਂ ਉੱਤੇ ਨਿਰਭਰ ਕਰਦਾ ਹੈ ਕਿ ਉਹ ਇਹ ਫੈਸਲਾ ਕਰਨ।

### ਸਬੂਤ

ਕਿਰਪਾ ਕਰਕੇ ਟੀਕਾਕਰਨ ਦੇ ਸਬੂਤ ਲਈ ਸਬੂਤ ਦਿਖਾਉਣ ਬਾਰੇ ਆਮ ਸੇਧ ਅਤੇ ਡਾਕਟਰੀ ਛੋਟ ਦੇ ਸਬੂਤ ਲਈ ਡਾਕਟਰੀ ਛੋਟਾਂ ਬਾਰੇ ਆਮ ਸੇਧ ਦੇਖੋ

### ਜ਼ਿੰਮੇਵਾਰੀ

ਇਹ ਪੁਸ਼ਟੀ ਕਰਨ ਦੀ ਜ਼ਿੰਮੇਵਾਰੀ ਰਜਿਸਟਰ ਹੋਏ ਮੈਨੇਜਰ ਦੀ ਹੁੰਦੀ ਹੈ ਕਿ ਦਾਖਲ ਹੋਣ ਵਾਲਿਆਂ ਕੋਲ ਟੀਕਾਕਰਨ ਜਾਂ ਛੋਟ ਦਾ ਸਹੀ ਸਬੂਤ ਹੋਵੇ। ਪਰ, ਤੁਹਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਡੇ ਅਤੇ ਤੁਹਾਡੇ ਸਟਾਫ ਕੋਲ ਸਹੀ ਸਬੂਤ ਹੁੰਦਾ ਹੈ ਨਹੀਂ ਤਾਂ ਤੁਸੀਂ ਕੇਅਰ ਹੋਮ ਵਿੱਚ ਦਾਖਲ ਨਹੀਂ ਹੋ ਸਕਦੇ। ਕੇਅਰ ਹੋਮ ਦਾ ਰਜਿਸਟਰ ਹੋਇਆ ਮੈਨੇਜਰ ਇਹ ਬੇਨਤੀ ਕਰ ਸਕਦਾ ਹੈ ਕਿ ਇਸ ਜ਼ਰੂਰਤ ਨੂੰ ਕੇਅਰ ਹੋਮ ਅਤੇ ਤੁਹਾਡੇ ਮਾਲਕ ਦਰਮਿਆਨ ਕਿਸੇ ਵੀ ਅਨੁਬੰਧਾਂ ਵਿੱਚ ਸ਼ਾਮਲ ਕੀਤਾ ਜਾਵੇ।

### ਸਿਖਲਾਈ ਲੈਣ ਵਾਲੇ (ਸੰਭਾਵੀ ਤੌਰ ਤੇ 18 ਸਾਲ ਤੋਂ ਘੱਟ ਉਮਰ ਵਾਲੇ)

16 ਸਾਲ ਤੋਂ ਵੱਧ ਉਮਰ ਵਾਲਾ ਮੂਹਰਲੀ ਕਤਾਰ ਦੇ ਸਿਹਤ ਅਤੇ ਦੇਖਭਾਲ ਸਟਾਫ ਟੀਕੇ ਲਈ ਯੋਗਤਾ ਪੂਰੀ ਕਰਦੇ ਹਨ। ਇਨ੍ਹਾਂ ਵਿਅਕਤੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ 18 ਸਾਲ ਦੀ ਉਮਰ ਤੋਂ ਪਹਿਲਾਂ ਐੱਮ.ਐੱਚ.ਆਰ.ਏ. ਵੱਲੋਂ ਪ੍ਰਵਾਨਤ ਟੀਕੇ ਦਾ ਪੂਰਾ ਕੋਰਸ ਕਰਨ।

ਦੌਰਾ ਕਰਨ ਵਾਲੇ ਹੋਰ ਪੇਸ਼ੇਵਰ ਉਦੋਂ ਤੱਕ ਕੇਅਰ ਹੋਮ ਵਿੱਚ ਦਾਖਲ ਨਹੀਂ ਹੋ ਸਕਣਗੇ ਜਦੋਂ ਤੱਕ ਉਨ੍ਹਾਂ ਨੇ ਕੋਵਿਡ-19 ਟੀਕੇ ਦਾ ਪੂਰਾ ਕੋਰਸ ਨਾ ਕੀਤਾ ਹੋਵੇ। 17 ਸਾਲ ਦੀ ਉਮਰ ਵਾਲੇ ਸਾਰੇ ਨੌਜਵਾਨ ਆਪਣੇ 18ਵੇਂ ਜਨਮ ਦਿਨ ਤੋਂ ਪਹਿਲਾਂ 3 ਮਹੀਨਿਆਂ ਤੱਕ ਟੀਕੇ ਲਈ ਬੁਕਿੰਗ ਕਰ ਸਕਣਗੇ।

18 ਸਾਲ ਤੋਂ ਘੱਟ ਉਮਰ ਦੇ ਸਿਖਲਾਈ ਲੈਣ ਵਾਲਿਆਂ ਨੂੰ ਛੋਟ ਹੋਵੇਗੀ ਅਤੇ ਇਸ ਲਈ ਉਹ ਆਪਣੇ ਟੀਕਾਕਰਨ ਦੀ ਸਥਿਤੀ ਨੂੰ ਸਾਬਤ ਕੀਤੇ ਬਗੈਰ ਕੇਅਰ ਹੋਮ ਵਿੱਚ ਦਾਖਲ ਹੋ ਸਕਦੇ ਹਨ। ਪਰ ਉਹ ਕੇਅਰ ਹੋਮ ਵਿੱਚ ਦਾਖਲ ਹੋਣ ਤੋਂ ਪਹਿਲਾਂ ਇਸ ਗੱਲ ਦਾ ਸਬੂਤ ਮੁਹੱਈਆ ਕਰ ਸਕਦੇ ਹੋਣ ਕਿ ਉਨ੍ਹਾਂ ਦੀ ਉਮਰ 18 ਤੋਂ ਘੱਟ ਹੈ।

### ਕੇਅਰ ਹੋਮ ਦੇ ਆਸ-ਪਾਸ ਵਾਲੇ ਮੈਦਾਨ

ਵਿਨਿਯਮ ਕੇਅਰ ਹੋਮ ਦੇ ਆਸ-ਪਾਸ ਵਾਲੇ ਕਿਸੇ ਮੈਦਾਨਾਂ ਉੱਤੇ ਲਾਗੂ ਨਹੀਂ ਹੋਣਗੇ। ਕੋਈ ਵੀ ਦੌਰਾ ਕਰਨ ਵਾਲੇ ਪੇਸ਼ੇਵਰਾਂ, ਜੋ ਸਿਰਫ ਮੈਦਾਨਾਂ ਵਿੱਚ ਕੰਮ ਕਰਦੇ ਹਨ, ਅਤੇ ਇਮਾਰਤ ਵਿੱਚ ਦਾਖਲ ਨਹੀਂ ਹੁੰਦੇ, ਨੂੰ ਟੀਕਾਕਰਨ ਜਾਂ ਛੋਟ ਦਾ ਸਬੂਤ ਨਹੀਂ ਦੇਣਾ ਪਏਗਾ। ਪਰ, ਜੇਕਰ ਤੁਸੀਂ ਕੇਅਰ ਹੋਮ ਵਿੱਚ ਨਿਯਮਿਤ ਤੌਰ 'ਤੇ ਆ ਰਹੇ ਹੋ, ਤਾਂ ਅਸੀਂ ਇਹ ਸਿਫਾਰਸ਼ ਕਰਾਂਗੇ ਕਿ ਤੁਸੀਂ ਟੀਕਾਕਰਨ ਜਾਂ ਛੋਟ ਦਾ ਸਹੀ ਸਬੂਤ ਪ੍ਰਾਪਤ ਕਰੋ। ਅਜਿਹਾ ਇਸ ਲਈ ਹੈ ਕਿਉਂਕਿ ਤੁਸੀਂ ਸੇਵਾ ਦੇ ਦੇਖਭਾਲ ਵਰਤੋਂਕਾਰਾਂ ਅਤੇ ਸਟਾਫ ਦੇ ਨਿਯਮਿਤ ਸੰਪਰਕ ਵਿੱਚ ਆ ਸਕਦੇ ਹੋ ਅਤੇ ਤੁਹਾਨੂੰ ਦਾਖਲ ਹੋਣ ਤੋਂ ਪਹਿਲਾਂ ਸਬੂਤ ਦੇਣ ਲਈ ਕਿਹਾ ਜਾਵੇਗਾ।

### ਪੀ.ਪੀ.ਈ.

ਪੀ.ਪੀ.ਈ. ਵਰਗੇ ਇਨਫੈਕਸ਼ਨ ਰੋਕਥਾਮ ਲਈ ਕੰਟਰੋਲ ਉਪਾਆਂ ਦੀ ਅਜੇ ਵੀ ਰਿਹਾਇਸ਼ੀ ਦੇਖਭਾਲ ਵਾਲੀਆਂ ਥਾਵਾਂ 'ਤੇ ਲੋੜ ਹੈ। ਪੀ.ਪੀ.ਈ ਦੀਆਂ ਜ਼ਰੂਰਤਾਂ ਇਸ ਬਾਰੇ ਮੌਜੂਦਾ ਸਰਕਾਰੀ ਸੇਧ ਕਿ ਕੇਅਰ ਹੋਮਾਂ ਵਿੱਚ ਸੁਰੱਖਿਅਤ ਢੰਗ ਨਾਲ ਕਿਵੇਂ ਕੰਮ ਕਰਨਾ ਹੈ ਮੁਤਾਬਕ ਬਣੀਆਂ ਰਹਿਣਗੀਆਂ। ਅਸੀਂ ਤੁਹਾਨੂੰ ਸਲਾਹ ਦੇਵਾਂਗੇ ਕਿ ਸਹੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਤੁਸੀਂ ਇਸ ਬਾਰੇ ਪਹਿਲਾਂ ਤੋਂ ਹੀ ਪਤਾ ਲਗਾ ਲਵੋ।

# ਅੰਤਿਕਾ ਏ: ਕੰਮ ਦੇ ਚੰਗੇ ਵਿਹਾਰ

## ਰਿਟੈਨਸ਼ਨ ਅਤੇ ਭਰਤੀ ਬਾਰੇ ਸਲਾਹ - ਸਕਿੱਲਜ਼ ਫਾਰ ਕੇਅਰ

ਸਕਿੱਲਜ਼ ਫਾਰ ਕੇਅਰ ਨੇ ਇੱਕ ਸਮਰਪਿਤ ਵਨ ਸਟਾਪ ਵੈਬਪੇਜ ਤਿਆਰ ਕੀਤਾ ਹੈ। ਇਹ ਸੋਸ਼ਲ ਕੇਅਰ ਦੇ ਰੁਜ਼ਗਾਰਦਾਤਾਵਾਂ ਨੂੰ ਸਟਾਫ ਨੂੰ ਬਣਾਈ ਰੱਖਣ ਅਤੇ ਜਿੱਥੇ ਲੋੜ ਹੋਵੇ, ਉੱਥੇ ਨਵੇਂ ਸਟਾਫ ਨੂੰ ਭਰਤੀ ਕਰਨ ਲਈ ਵੱਖ-ਵੱਖ ਤਰ੍ਹਾਂ ਦੀ ਸਹਾਇਤਾ, ਜਾਣਕਾਰੀ ਅਤੇ ਸ੍ਰੋਤਾਂ ਨੂੰ ਇਕੱਠਿਆਂ ਕਰਦਾ ਹੈ। ਇਸ ਵਿੱਚ ਅਜਿਹੇ ਮਾਮਲੇ ਦੀਆਂ ਉਦਾਹਰਣਾਂ ਸ਼ਾਮਲ ਹਨ ਜਿੱਥੇ ਰੁਜ਼ਗਾਰਦਾਤਾਵਾਂ ਨੇ ਇਸ ਨੀਤੀ ਦੇ ਲਾਗੂ ਹੋਣ ਤੋਂ ਪਹਿਲਾਂ ਟੀਕਾ ਲਗਵਾਉਣ ਲਈ ਆਪਣੇ ਸਟਾਫ ਨੂੰ ਸਫਲਤਾਪੂਰਵਕ ਉਤਸ਼ਾਹਿਤ ਕੀਤਾ ਹੈ। ਇਹ ਸਮੁੱਚੇ ਸੈਕਟਰ ਤੋਂ ਚੰਗੇ ਵਿਹਾਰ ਨੂੰ ਸਾਂਝਾ ਕਰਨ ਵਿੱਚ ਮਦਦ ਕਰਨਗੀਆਂ।

## ਨੀਤੀ

ਕੇਅਰ ਹੋਮਾਂ ਨੂੰ ਟੀਕਾਕਰਨ ਬਾਰੇ ਲਿਖ਼ਤੀ ਨੀਤੀ ਅਪਨਾਉਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਇਹ ਅਜਿਹੇ ਮਾਮਲੇ ਸ਼ਾਮਲ ਕਰ ਸਕਦੀ ਹੈ:

- ਕੀ 18 ਸਾਲ ਤੋਂ ਜ਼ਿਆਦਾ ਉਮਰ ਵਾਲੇ ਸਟਾਫ ਨੂੰ ਟੀਕਾ ਕਰਨ ਕਰਵਾਉਣ ਜਾਂ ਡਾਕਟਰੀ ਛੋਟ ਦਾ ਸਬੂਤ ਪ੍ਰਾਪਤ ਕਰਨ ਲਈ ਕੰਮ ਤੋਂ ਛੁੱਟੀ ਲੈਣ (ਭੁਗਤਾਨ ਸਹਿਤ ਜਾਂ ਇਸ ਤੋਂ ਬਗੈਰ) ਦਾ ਅਧਿਕਾਰ ਹੈ
- ਉਹ ਸਮਾਂ ਜਦੋਂ ਤੱਕ ਕੇਅਰ ਹੋਮ ਟੀਕਾਕਰਨ ਜਾਂ ਛੋਟ ਦੇ ਸਬੂਤ ਦੀ ਆਸ ਕਰਨਗੇ। ਇਹ ਇਸ ਗੱਲ ਨੂੰ ਯਕੀਨੀ ਬਣਾਏਗਾ ਕਿ ਇਹ ਆਪਣੀ ਵਰਕ ਫੋਰਸ ਦੀ ਯੋਜਨਾ ਬਣਾ ਸਕਦੀ ਹੈ ਅਤੇ 18 ਸਾਲ ਤੋਂ ਵੱਧ ਉਮਰ ਵਾਲੇ ਸਟਾਫ ਦੇ ਸਬੰਧ ਵਿੱਚ ਰਸਮੀ ਕਦਮ ਚੁੱਕ ਸਕਦੀ ਹੈ ਜਿਨ੍ਹਾਂ ਨੇ ਨਾ ਤਾਂ ਟੀਕਾਕਰਨ ਕਰਵਾਇਆ ਹੈ ਅਤੇ ਨਾ ਹੀ ਉਨ੍ਹਾਂ ਨੂੰ ਡਾਕਟਰੀ ਛੋਟ ਹੈ।
- ਜੇਕਰ ਸਟਾਫ ਨੂੰ ਟੀਕਾਕਰਨ ਕਰਕੇ ਮਾੜੇ ਪ੍ਰਭਾਵਾਂ ਦਾ ਤਜਰਬਾ ਹੁੰਦਾ ਹੈ ਤਾਂ ਛੁੱਟੀ ਦੇ ਸਬੰਧ ਵਿੱਚ ਕੋਈ ਵੀ ਇੰਤਜਾਮ। ਮਿਸਾਲ ਲਈ, ਇੱਕੋ ਦਿਨ ਵੱਡੀ ਗਿਣਤੀ ਵਿੱਚ ਸਟਾਫ ਦਾ ਟੀਕਾਕਰਨ ਕਰਨ ਤੋਂ ਬਚਾਅ ਕਰਨਾ ਬਿਹਤਰ ਹੋ ਸਕਦਾ ਹੈ।
- ਟੀਕਾਕਰਨ ਜਾਂ ਛੋਟ ਬਾਰੇ ਡੇਟਾ ਕਿਵੇਂ ਪ੍ਰੋਸੈਸ ਕੀਤਾ ਜਾਵੇਗਾ
- ਉਸ ਸਟਾਫ ਉੱਤੇ ਰਸਮੀ ਨੀਤੀਆਂ ਕਿਵੇਂ ਲਾਗੂ ਹੋਣਗੀਆਂ ਜੋ ਜ਼ਰੂਰਤ ਦੀ ਪਾਲਣਾ ਨਹੀਂ ਕਰ ਸਕਦਾ
- ਨਵੇਂ ਭਰਤੀ ਕਰਮਚਾਰੀਆਂ ਅਤੇ ਏਜੰਸੀ ਸਟਾਫ ਦੀਆਂ ਟੀਕਾਕਰਨ ਜ਼ਰੂਰਤਾਂ ਨੂੰ ਕਿਵੇਂ ਨਜਿੱਠਿਆ ਜਾਵੇਗਾ।
- ਕੋਈ ਵੀ ਸਮਾਨਤਾ ਮੁੱਦੇ ਜੋ ਵਿਨਿਯਮਾਂ ਦੀ ਪਾਲਣਾ ਕਰਕੇ ਉਤਪੰਨ ਹੁੰਦੇ ਹਨ (ਸਮਾਨਤਾ ਕਾਨੂੰਨ 2010 ਦਾ ਭਾਗ ਦੇਖੋ)

## ਐਡਵਾਇਜ਼ਰੀ, ਕਾਨਸੀਲਿਏਸ਼ਨ ਅਤੇ ਆਰਬਿਟਰੇਸ਼ਨ ਸਰਵਿਸ (ਏ.ਸੀ.ਏ.ਐੱਸ.) ਤੋਂ ਸੇਧ

ਏ.ਸੀ.ਏ.ਐੱਸ. ਨੇ ਵੱਖ-ਵੱਖ ਤਰ੍ਹਾਂ ਦੀ ਸੇਧ ਤਿਆਰ ਕੀਤੀ ਹੈ। ਮੁੜ-ਤੈਨਾਤੀ ਦੀ ਸ਼ਰਤ ਵੱਜੋਂ ਟੀਕਾਕਰਨ ਲਾਗੂ ਕਰਨ ਦੇ ਹਿੱਸੇ ਵੱਜੋਂ ਨੌਕਰੀ ਦੇ ਵਧੀਆ ਵਿਹਾਰ ਬਾਰੇ ਵਿਚਾਰ ਕਰਨ ਸਮੇਂ ਇਹ ਮਾਲਕਾਂ ਲਈ ਉਪਯੋਗੀ ਹੋਣਾ ਚਾਹੀਦਾ ਹੈ।

ਕੰਮ ਲਈ ਕੋਰੋਨਾਵਾਇਰਸ ਟੀਕਾ ਲਗਵਾਉਣਾ

ਬਰਖ਼ਾਸਤਗੀਆਂ ਬਾਰੇ ਸਲਾਹ

ਅਨੁਸ਼ਾਸਨੀ ਅਤੇ ਸ਼ਿਕਾਇਤਾਂ ਸਬੰਧੀ ਕਾਰਜ-ਪ੍ਰਕਿਰਿਆਵਾਂ

ਕੰਮ (ਵਾਲੀ ਥਾਂ) 'ਤੇ ਸਮੱਸਿਆ ਕਿਵੇਂ ਜਤਾਉਣੀ ਹੈ

ਇੱਕ ਕਰਮਚਾਰੀ ਵੱਲੋਂ ਜਤਾਈ ਸਮੱਸਿਆ ਨੂੰ ਨਜਿੱਠਣਾ

ਤੁਹਾਡੀ ਕੰਮ ਵਾਲੀ ਥਾਂ ਲਈ ਮੁਆਫ਼ਕ ਸਹਾਇਤਾ

ਕਰਮਚਾਰੀਆਂ ਨੂੰ ਸੂਚਿਤ ਕਰਨਾ ਅਤੇ ਉਨ੍ਹਾਂ ਨਾਲ ਸਲਾਹ ਕਰਨੀ

ਨੋਟਿਸ ਦੀਆਂ ਮਿਆਦਾਂ

ਨੋਟਿਸ ਦੀ ਮਿਆਦ ਦੌਰਾਨ ਤਨਖ਼ਾਹ

ਵਿਤਕਰਾ, ਡਰਾਉਣਾ-ਧਮਕਾਉਣਾ ਅਤੇ ਤੰਗ-ਪਰੇਸ਼ਾਨ ਕਰਨਾ

ਮੁਨਾਸਬ ਬਦਲਾਅ

ਕਿਸੇ ਦੀਆਂ ਸੇਵਾਵਾਂ ਲੈਣੀਆਂ

## ਵਰਕਫੋਰਸ ਨਾਲ ਸ਼ੁਰੂਆਤੀ ਜੁੜਾਵ

ਕੇਅਰ ਹੋਮਾਂ ਨੂੰ ਨਵੇਂ ਵਿਨਿਯਮਾਂ ਬਾਰੇ ਆਪਣੀ ਵਰਕਫੋਰਸ ਨਾਲ ਛੇਤੀ ਜੁੜਨਾ ਚਾਹੀਦਾ ਹੈ। ਇਸ ਨਾਲ ਇਸ ਗੱਲ ਨੂੰ ਯਕੀਨੀ ਬਣਾਉਣ ਵਿੱਚ ਮਦਦ ਮਿਲੇਗੀ ਕਿ ਲੋਕ ਉਨ੍ਹਾਂ ਦੀ ਪਾਲਣਾ ਕਰ ਸਕਦੇ ਹਨ। ਕੇਅਰ ਹੋਮ ਮੁਹਲਤ ਦੇ ਸਮੇਂ ਨੂੰ:

- ਆਪਣੀਆਂ ਨੀਤੀਆਂ ਬਾਰੇ ਵਿਚਾਰ ਕਰਨ ਅਤੇ ਸੋਧ ਕਰਨ ਲਈ ਵਰਤ ਸਕਦੇ ਹਨ ਜੇਕਰ ਜ਼ਰੂਰੀ ਹੋਇਆ ਤਾਂ ਇਸ ਵਿੱਚ ਕੋਈ ਵੀ ਨਿੱਜਤਾ ਜਾਣਕਾਰੀ ਜਾਂ ਡੇਟਾ ਸੁਰੱਖਿਆ ਪ੍ਰਭਾਵ ਮੁਲਾਂਕਣ ਵੀ ਸ਼ਾਮਲ ਹੁੰਦਾ ਹੈ।
- ਨਵੇਂ ਜਾਂ ਵੱਖਰੇ ਕੰਮਕਾਜੀ ਵਿਹਾਰ ਲਾਗੂ ਕਰਨ ਲਈ ਵਰਤ ਸਕਦੇ ਹਨ

ਮੁਹਲਤ ਦੇ ਸਮੇਂ ਨੂੰ ਸਟਾਫ ਅਤੇ ਸੇਵਾ ਪ੍ਰਦਾਤਾਵਾਂ ਨੂੰ ਇਨ੍ਹਾਂ ਨਾਲ ਜੋੜਨ ਬਾਰੇ ਵੀ ਵਰਤਿਆ ਜਾ ਸਕਦਾ ਹੈ:

- ਟੀਕੇ ਦੀਆਂ ਜ਼ਰੂਰਤਾਂ ਬਾਰੇ
- ਕੰਮ ਕਰਨ ਜਾਂ ਸੇਵਾਵਾਂ ਪ੍ਰਦਾਨ ਕਰਨ ਵਾਲੇ 18 ਸਾਲ ਤੋਂ ਵੱਧ ਉਮਰ ਵਾਲਿਆਂ ਨੂੰ ਟੀਕਾਕਰਨ ਜਾਂ ਡਾਕਟਰੀ ਛੋਟ ਦੀ ਲੋੜ ਬਾਰੇ
- ਜ਼ਰੂਰਤ ਨੂੰ ਸਮੇਂ ਸਿਰ ਨਾ ਪੂਰਾ ਕਰਨ ਦੇ ਸੰਭਾਵੀ ਸਿੱਟਿਆਂ ਬਾਰੇ

## ਸਮੂਹਿਕ ਜੁੜਾਵ

ਜਿੱਥੇ ਟ੍ਰੇਡ ਯੂਨੀਅਨ ਨੂੰ ਮਾਨਤਾ ਦਿੱਤੀ ਜਾਂਦੀ ਹੈ ਜਾਂ ਕਰਮਚਾਰੀ ਪ੍ਰਤੀਨਿਧੀ ਤੈਅ ਹੁੰਦੇ ਹਨ, ਉੱਥੇ ਸਲਾਹ -ਮਸ਼ਵਰਾ ਕਰਨ ਲਈ ਕਾਨੂੰਨੀ ਫ਼ਰਜ਼ ਹੋ ਸਕਦਾ ਹੈ। ਅਜਿਹਾ ਇਸ ਲਈ ਹੈ ਕਿਉਂਕਿ ਕੋਈ ਵੀ ਉਪਾਅ ਸਟਾਫ ਦੀ ਸਿਹਤ ਅਤੇ ਸੁਰੱਖਿਆ ਉੱਤੇ ਅਸਰ ਪਾ ਸਕਦੇ ਹਨ।

ਜਿੱਥੇ ਟ੍ਰੇਡ ਯੂਨੀਅਨ ਨੂੰ ਮਾਨਤਾ ਦਿੱਤੀ ਜਾਂਦੀ ਹੈ ਜਾਂ ਕਰਮਚਾਰੀ ਪ੍ਰਤੀਨਿਧੀ ਤੈਅ ਹੁੰਦੇ ਹਨ, ਉੱਥੇ ਸ਼ੁਰੂਆਤ ਕਰਨ ਲਈ ਇਹ ਬਿਹਤਰੀਨ ਫੋਰਮ ਹੋ ਸਕਦਾ ਹੈ। ਉਹ ਕਿਸੇ ਵੀ ਸਮੂਹਿਕ ਮੁੱਦਿਆਂ ਬਾਰੇ ਸਲਾਹ-ਮਸ਼ਵਰਾ ਕਰਨ, ਇਨ੍ਹਾਂ ਨੂੰ ਸਮਝਣ ਅਤੇ ਨਜਿੱਠਣ ਲਈ, ਅਤੇ ਵਿਵਹਾਰਕ ਅਤੇ ਕੰਮ ਕਰਨ ਸਬੰਧੀ ਮੁੱਦਿਆਂ ਬਾਰੇ ਚਰਚਾ ਕਰਨ ਲਈ ਮਦਦ ਕਰ ਸਕਦੇ ਹਨ।

ਕਿਸੇ ਵੀ ਸਮੂਹਿਕ ਜੁੜਾਵ ਤੋਂ ਪਹਿਲਾਂ ਅਤੇ ਜਾਂ ਬਾਅਦ ਵਿੱਚ, ਸਟਾਫ ਨੂੰ ਲਿਖ਼ਤੀ ਸਾਰ ਦੇਣ ਨਾਲ ਮਦਦ ਹੋ ਸਕਦੀ ਹੈ। ਇਸ ਨੂੰ ਜ਼ਰੂਰਤ ਅਤੇ ਇਸ ਬਾਰੇ ਸਮਝਾਉਣ ਲਈ ਵਰਤਿਆ ਜਾ ਸਕਦਾ ਹੈ ਕਿ ਉਨ੍ਹਾਂ ਲਈ ਇਸ ਦਾ ਕੀ ਅਰਥ ਹੁੰਦਾ ਹੈ। ਇਸ ਨਾਲ ਇਸ ਬਾਰੇ ਗ਼ਲਤਫਹਿਮੀ ਤੋਂ ਬਚਿਆ ਜਾ ਸਕਦਾ ਹੈ ਕਿ ਕਿਸ ਦੀ ਲੋੜ ਹੈ, ਅਤੇ ਇਸ ਦਾ ਸਟਾਫ ਲਈ ਕੀ ਅਰਥ ਹੈ।

## ਵਿਅਕਤੀਗਤ ਸ਼ਮੂਲੀਅਤ

ਵਿਅਕਤੀਗਤ ਜੁੜਾਵ ਅਤੇ ਸੂਚਨਾ ਇਕੱਤਰ ਕਰਨ ਨੂੰ ਉਨ੍ਹਾਂ ਦੀ ਪਹਿਚਾਣ ਕਰਨ ਲਈ ਵਰਤਿਆ ਜਾ ਸਕਦਾ ਹੈ:

- ਜਿਨ੍ਹਾਂ ਨੇ ਟੀਕਾਕਰਨ ਕਰਵਾ ਲਿਆ ਹੈ ਜਾਂ ਡਾਕਟਰੀ ਛੋਟ ਪ੍ਰਾਪਤ ਕੀਤੀ ਹੈ, 18 ਸਾਲ ਤੋਂ ਘੱਟ ਉਮਰ ਦੇ ਹਨ, ਅਤੇ ਇਸ ਦਾ ਸਬੂਤ ਦੇ ਸਕਦੇ ਹਨ
- ਜਿਨ੍ਹਾਂ ਦਾ ਟੀਕਾਕਰਨ ਹੋ ਚੁੱਕਾ ਹੈ ਜਾਂ ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਡਾਕਟਰੀ ਤੌਰ 'ਤੇ ਛੋਟ ਪ੍ਰਾਪਤ ਹੋ ਸਕਦੀ ਹੈ, ਪਰ ਇਸ ਦਾ ਸਬੂਤ ਨਹੀਂ ਦੇ ਸਕਦੇ
- ਜਿਨ੍ਹਾਂ ਨੇ ਅਜੇ ਤੱਕ ਪੂਰੀ ਤਰ੍ਹਾਂ ਟੀਕਾਕਰਨ ਤਾਂ ਨਹੀਂ ਕਰਵਾਇਆ ਪਰ ਸਮਾਂ ਆਉਣ 'ਤੇ ਪੂਰੀ ਤਰ੍ਹਾਂ ਟੀਕਾਕਰਨ ਲਈ ਇੰਤਜਾਮ ਕਰਨਗੇ।
- ਜਿਨ੍ਹਾਂ ਨੇ ਅਜੇ ਤੱਕ ਪੂਰੀ ਤਰ੍ਹਾਂ ਟੀਕਾਕਰਨ ਤਾਂ ਨਹੀਂ ਕਰਵਾਇਆ ਅਤੇ ਸਮਾਂ ਆਉਣ 'ਤੇ ਪੂਰੀ ਤਰ੍ਹਾਂ ਟੀਕਾਕਰਨ ਦੀ ਸੰਭਾਵਨਾ ਨਹੀਂ ਹੈ
- ਜਿਨ੍ਹਾਂ ਦੀ ਉਮਰ 18 ਸਾਲ ਹੈ ਅਤੇ ਜਿਨ੍ਹਾਂ ਨੂੰ ਡਾਕਟਰੀ ਛੋਟ ਨਹੀਂ ਮਿਲੀ ਹੁੰਦੀ, ਪਰ ਜੋ ਟੀਕਾਕਰਨ ਕਰਵਾਉਣ ਲਈ ਇੱਛੁਕ ਨਹੀਂ ਹੁੰਦੇ।

ਕੇਅਰ ਹੋਮ ਫੇਰ ਇਹ ਦਿਖਾਉਣ ਲਈ ਆਪਣੇ ਰਿਕਾਰਡਾਂ ਨੂੰ ਵਿਵਸਥਿਤ ਕਰਨਾ ਸ਼ੁਰੂ ਕਰਨਗੇ ਕਿਹੜੇ ਵਿਅਕਤੀਆਂ ਨੇ ਟੀਕਾਕਰਨ ਜਾਂ ਛੋਟ ਦਾ ਤਸੱਲੀਬਖ਼ਸ਼ ਸਬੂਤ ਦਿੱਤਾ ਹੈ।

ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਇੱਕ ਵਿਅਕਤੀ ਵੱਲੋਂ ਜਤਾਈਆਂ ਚਿੰਤਾਵਾਂ ਬਾਰੇ ਪਤਾ ਲਗਾਉਣਾ ਚਾਹੀਦਾ ਹੈ। ਕੋਈ ਵੀ ਰਸਮੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਸਟਾਫ ਨੂੰ ਟੀਕਾਕਰਨ ਕਰਵਾਉਣ ਅਤੇ ਇਸ ਬਾਰੇ ਸਬੂਤ ਪ੍ਰਾਪਤ ਕਰਨ ਦਾ ਉਚਿਤ ਮੌਕਾ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਛੋਟ ਹੁੰਦੀ ਹੈ। ਜ਼ਰੂਰਤ ਦੀ ਪਾਲਣਾ ਨਾ ਕਰਨ ਦੇ ਸਿੱਟਿਆਂ ਬਾਰੇ ਸਪਸ਼ਟ ਤੌਰ 'ਤੇ ਦੱਸਣਾ ਚਾਹੀਦਾ ਹੈ। ਇਸ ਵਿੱਚ ਇਹ ਗੱਲ ਸ਼ਾਮਲ ਹੋਣੀ ਚਾਹੀਦੀ ਹੈ ਕਿ ਜ਼ਰੂਰਤ ਦੀ ਕਦੋ ਲਾਜ਼ਮੀ ਤੌਰ 'ਤੇ ਪਾਲਣਾ ਕਰਨੀ ਚਾਹੀਦੀ ਹੈ, ਅਤੇ ਜੇਕਰ ਇਸ ਦੀ ਪਾਲਣਾ ਨਹੀਂ ਕੀਤੀ ਜਾਂਦੀ ਤਾਂ ਕਿਹੜੇ ਕਦਮ ਚੁੱਕੇ ਜਾਣਗੇ।

ਕੇਅਰ ਹੋਮਾਂ ਨੂੰ ਵਿਅਕਤੀਗਤ ਸਲਾਹ-ਮਸ਼ਵਰੇ ਦੇ ਸਬੰਧ ਵਿੱਚ ਆਪਣੇ ਸਟਾਫਿੰਗ ਲੈਵਲ ਬਾਰੇ ਵੀ ਵਿਚਾਰ ਕਰਨ ਦੀ ਲੋੜ ਹੁੰਦੀ ਹੈ। ਇੱਕ ਕੇਅਰ ਹੋਮ ਨੂੰ ਇਸ ਬਾਰੇ ਵਿਚਾਰ ਕਰਨ ਦੀ ਲੋੜ ਹੁੰਦੀ ਹੈ ਕਿ ਜੇਕਰ ਉਹ ਮੌਜੂਦਾ ਸਟਾਫ ਦੀ ਤੈਨਾਤੀ ਨਹੀਂ ਕਰ ਸਕਦਾ ਤਾਂ ਕੀ ਉਨ੍ਹਾਂ ਸਟਾਫ ਬਦਲਣਾ ਪੈਣਾ ਹੈ ਜਾਂ ਕੰਮ ਨੂੰ ਸਹੀ ਤਰ੍ਹਾਂ ਨਾਲ ਚਲਾਉਣ ਲਈ ਹੋਰ ਇੰਤਜਾਮ ਕਰਨੇ ਪੈਣੇ ਹਨ।

ਜਿੱਥੇ ਸਟਾਫ ਕੰਮ ਨਹੀਂ ਕਰ ਰਿਹਾ, ਮਿਸਾਲ ਲਈ ਜਣੇਪਾ ਛੁੱਟੀ, ਕੰਮ ਤੋਂ ਵਕਫੇ ਦੀ ਛੁੱਟੀ, ਜਾਂ ਲੰਬੇ ਸਮੇਂ ਦੀ ਬਿਮਾਰੀ ਦੀ ਛੁੱਟੀ 'ਤੇ ਹੈ, ਉੱਥੇ ਕੇਅਰ ਹੋਮਾਂ ਨੂੰ ਉਚਿਤ ਸਮੇਂ ਵਿੱਚ ਢੁਕਵੇਂ ਇੰਤਜਾਮ ਕਰਨੇ ਚਾਹੀਦੇ ਹਨ। ਇਹ ਕੰਮ ਉੱਤੇ ਸਮੇਂ ਸਿਰ ਵਾਪਸ ਆਉਣ ਲਈ ਜ਼ਰੂਰਤ ਬਾਰੇ ਜਾਣਕਾਰੀ ਦੀ ਕਮੀ ਦੇ ਰੁਕਾਵਟ ਬਣਨ ਤੋਂ ਬਚਾਅ ਕਰਨ ਲਈ ਹੈ।

ਕੇਅਰ ਹੋਮਾਂ ਨੂੰ ਉਸ ਸਟਾਫ ਲਈ ਵੀ ਯੋਜਨਾ ਬਣਾਉਣ ਦੀ ਲੋੜ ਹੋਵੇਗੀ ਜਿਨ੍ਹਾਂ ਦੀ 11 ਨਵੰਬਰ 2021 ਨੂੰ 18 ਸਾਲ ਤੋਂ ਉਮਰ ਘੱਟ ਹੈ ਪਰ ਉਹ 18 ਸਾਲ ਦੇ ਹੋ ਜਾਣਗੇ। ਅਜਿਹਾ ਇਸ ਲਈ ਹੈ ਕਿ ਜਦੋਂ ਸਟਾਫ ਮੈਂਬਰ 18 ਸਾਲ ਦੀ ਉਮਰ ਤੱਕ ਪਹੁੰਚਦਾ ਹੈ ਤਾਂ ਟੀਕਾਕਰਨ ਕਰਵਾਉਣ ਜਾਂ ਡਾਕਟਰੀ ਛੋਟ ਦੀ ਜ਼ਰੂਰਤ ਲਾਗੂ ਹੋ ਜਾਵੇਗੀ।

## ਉਹ ਸਟਾਫ ਜਿਸ ਦਾ ਟੀਕਾਕਰਨ ਨਹੀਂ ਹੋਇਆ ਜਾਂ ਛੋਟ ਨਹੀਂ ਮਿਲੀ ਹੁੰਦੀ

ਜਿੱਥੇ ਸਟਾਫ ਮੈਂਬਰ ਨੇ ਟੀਕਾਕਰਨ ਨਹੀਂ ਕਰਵਾਇਆ ਹੁੰਦਾ ਅਤੇ ਉਹ ਇਸ ਦਾ ਸਬੂਤ ਨਹੀਂ ਦੇ ਸਕਦਾ ਕਿ ਉਨ੍ਹਾਂ ਨੂੰ ਛੋਟ ਹੁੰਦੀ ਹੈ, ਉੱਥੇ ਕੇਅਰ ਹੋਮਾਂ ਨੂੰ ਸਾਰੇ ਵਿਕਲਪਾਂ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਇਸ ਵਿੱਚ ਕਿਸੇ ਵੀ ਬਦਲਵੀ ਭੂਮਿਕਾ ਲਈ ਮੁੜ-ਤੈਨਾਤੀ ਸ਼ਾਮਲ ਹੈ ਜਿੱਥੇ ਟੀਕਾਕਰਨ ਜਾਂ ਡਾਕਟਰੀ ਛੋਟ ਇੱਕ ਰੁਕਾਵਟ ਨਹੀਂ ਹੈ।

ਇਸ ਵਿੱਚ ਕੇਅਰ ਹੋਮ ਦੇ ਬਾਹਰ ਵਸਨੀਕਾਂ ਨਾਲ ਸਿੱਧੇ ਸੰਪਰਕ ਤੋਂ ਬਗੈਰ ਭੂਮਿਕਾਵਾਂ ਸ਼ਾਮਲ ਹੋ ਸਕਦੀਆਂ ਹਨ (ਮਿਸਾਲ ਲਈ ਹੈੱਡ ਆਫ਼ਿਸ ਵਿਖੇ)

ਕੇਅਰ ਹੋਮਾਂ ਨੂੰ ਆਪਣੇ ਸਟਾਫ ਲਈ ਵੇਤਨੀ ਜਾਂ ਅਵੇਤਨੀ ਛੁੱਟੀ ਦੀ ਲੋੜ ਬਾਰੇ ਵੀ ਵਿਚਾਰ ਕਰਨ ਦੀ ਲੋੜ ਪੈ ਸਕਦੀ ਹੈ। ਇਹ ਲੰਬੇ ਸਮੇਂ ਦਾ ਹੱਲ ਨਹੀਂ ਹੋ ਸਕਦਾ, ਕਿਉਂਕ ਵਿਨਿਯਮਾਂ ਦੀ ਕੋਈ ਸਮਾਂ ਸੀਮਾ ਨਹੀਂ ਹੈ। ਛੁੱਟੀ ਨੂੰ ਉੱਥੇ ਢੁਕਵਾਂ ਸਮਝਿਆ ਜਾ ਸਕਦਾ ਹੈ ਜਿੱਥੇ ਇੱਕ ਕਰਮਚਾਰੀ ਪੂਰੀ ਤਰ੍ਹਾਂ ਟੀਕਾਕਰਨ ਕਰਵਾਉਣ ਦਾ ਇਰਾਦਾ ਜ਼ਾਹਰ ਕਰਦਾ ਹੈ ਪਰ ਉਸ ਨੇ 11 ਨਵੰਬਰ 2021 ਤੱਕ ਪੂਰਾ ਕੋਰਸ ਮੁਕੰਮਲ ਨਹੀਂ ਕੀਤਾ ਹੈ।  ਇਹ ਉੱਥੇ ਵੀ ਲਾਗੂ ਹੋ ਸਕਦਾ ਹੈ ਜਿੱਥੇ ਡਾਕਟਰੀ ਛੋਟ ਦਾ ਸਬੂਤ ਪ੍ਰਾਪਤ ਕਰਨ ਵਿੱਚ ਦੇਰੀ ਹੁੰਦੀ ਹੈ।

ਕੇਅਰ ਹੋਮਾਂ ਨੂੰ ਅਪਣਾਏ ਜਾਣ ਵਾਲੇ ਤੈਅ-ਸ਼ੁਦਾ ਸਮਿਆਂ ਬਾਰੇ ਛੇਤੀ ਤੋਂ ਛੇਤੀ ਦੱਸਣਾ ਚਾਹੀਦਾ ਹੈ ਅਤੇ ਇਸ ਬਾਰੇ ਸਪਸ਼ਟ ਹੋਣਾ ਚਾਹੀਦਾ ਹੈ ਕਿ ਜੇਕਰ ਕਰਮਚਾਰੀ ਤੈਅ-ਸ਼ੁਦਾ ਸਮਿਆਂ ਨੂੰ ਗ਼ਲਤ ਸਮਝਦੇ ਹਨ ਤਾਂ ਕੀ ਹੋਵੇਗਾ। ਕਿਸੇ ਵੀ ਰਸਮੀ ਪ੍ਰਕਿਰਿਆ ਦੀ ਪਾਲਣਾ ਕਰਨ ਅਤੇ ਜੇ ਜ਼ਰੂਰੀ ਹੁੰਦਾ ਹੈ ਤਾਂ ਸੇਵਾ-ਸਮਾਪਤੀ ਦਾ ਨੋਟਿਸ ਦੇਣ ਲਈ ਤੈਅ-ਸ਼ੁਦਾ ਸਮਿਆਂ ਦੀ ਲੋੜ ਹੋਵੇਗੀ।

ਕੁਝ ਕੇਅਰ ਹੋਮਾਂ  ਨੂੰ - ਸਾਰੇ ਬਦਲਵੇਂ ਵਿਕਲਪਾਂ ਨੂੰ ਪੂਰਾ ਕਰਨ ਤੋਂ ਬਾਅਦ - ਕਰਮਚਾਰੀਆਂ ਨੂੰ ਬਰਖ਼ਾਸਤ ਕਰਨ ਜਾਂ ਕਰਮਚਾਰੀਆਂ ਦੇ ਕੰਟਰੈਕਟ ਸਮਾਪਤ ਕਰਨ ਬਾਰੇ ਵਿਚਾਰ ਕਰਨ ਦੀ ਲੋੜ ਪੈ ਸਕਦੀ ਹੈ।  ਇਹ ਸਿਰਫ 18 ਸਾਲ ਤੋਂ ਵੱਧ ਉਮਰ ਵਾਲਿਆਂ ਉੱਤੇ ਲਾਗੂ ਹੋਣਾ ਚਾਹੀਦਾ ਹੈ ਜਿਨ੍ਹਾਂ ਦਾ ਟੀਕਾਕਰਨ ਨਹੀਂ ਹੋਇਆ ਅਤੇ ਉਨ੍ਹਾਂ ਨੇ ਡਾਕਟਰੀ ਛੋਟ ਪ੍ਰਾਪਤ ਨਹੀਂ ਕੀਤੀ ਹੈ।  ਜਿੱਥੇ ਅਜਿਹਾ ਮਾਮਲਾ ਹੁੰਦਾ ਹੈ, ਉੱਥੇ ਕੇਅਰ ਹੋਮਾਂ ਨੂੰ ਲਾਜ਼ਮੀ ਤੌਰ 'ਤੇ ਹਰ ਸਮੇਂ ਰੁਜ਼ਗਾਰ ਅਤੇ ਬਰਾਬਰੀ ਕਾਨੂੰਨ ਦੀ ਅਤੇ ਚੰਗੇ ਰੁਜ਼ਗਾਰ ਵਿਹਾਰ ਦੀ ਪਾਲਣਾ ਕਰਨੀ ਚਾਹੀਦੀ ਹੈ।

## ਮੁਨਾਸਬ ਬਰਖ਼ਾਸਤਗੀ

ਜਿਹੜੇ ਕਰਮਚਾਰੀਆਂ ਨੂੰ ਆਪਣੇ ਮਾਲਕ (ਜਾਂ ਸਬੰਧਤ ਮਾਲਕਾਂ ਵੱਲੋਂ) 2 ਸਾਲਾਂ ਲਈ ਲਗਾਤਾਰ ਕੰਮ 'ਤੇ ਰੱਖਿਆ ਗਿਆ ਹੈ ਆਮ ਤੌਰ 'ਤੇ ਉਨ੍ਹਾਂ ਕੋਲ ਅਣਉਚਿਤ ਢੰਗ ਨਾਲ ਬਰਖ਼ਾਸਤ ਨਾ ਕਰਨ ਦਾ ਅਧਿਕਾਰ ਹੁੰਦਾ ਹੈ।

ਵਰਕਰਾਂ ਕੋਲ ਅਣਉਚਿਤ ਬਰਖ਼ਾਸਤਗੀ ਲਈ ਇਸੇ ਤਰ੍ਹਾਂ ਦੀ ਸੁਰੱਖਿਆ ਨਹੀਂ ਹੁੰਦੀ, ਵਰਕਰਾਂ ਅਤੇ ਕਰਮਚਾਰੀਆਂ, ਦੋਵਾਂ, ਨੂੰ ਸਮਾਨਤਾ ਕਾਨੂੰਨ 2020 ਤਹਿਤ ਸੁਰੱਖਿਅਤ ਕੀਤਾ ਜਾਂਦਾ ਹੈ (ਹੇਠਾਂ ਦੇਖੋ)।

ਇੱਕ ਕਰਮਚਾਰੀ ਨੂੰ ਉਚਿਤ ਢੰਗ ਨਾਲ ਬਰਖਾਸਤ ਕੀਤਾ ਜਾ ਸਕਦਾ ਹੈ ਜੇਕਰ:

- ਬਰਖ਼ਾਸਤ ਕਰਨ ਲਈ ਸੰਭਾਵੀ ਤੌਰ 'ਤੇ ਉਚਿਤ ਕਾਰਨ ਹੁੰਦਾ ਹੈ
- ਕਾਰਨ ਬਰਖ਼ਾਸਤੀ ਨੂੰ ਉਚਿਤ ਠਹਿਰਾਉਣ ਲਈ ਕਾਫ਼ੀ ਹੈ
- ਮਾਲਕ ਨੇ ਨਿਰਪੱਖ ਕਾਰਜ-ਪ੍ਰਕਿਰਿਆ ਦੀ ਪਾਲਣਾ ਕੀਤੀ ਹੈ।

## ਜਿਹੜਾ ਸਟਾਫ ਵਿਨਿਯਮਾਂ ਦੀ ਪਾਲਣਾ ਨਹੀਂ ਕਰਦਾ ਉਨ੍ਹਾਂ ਨੂੰ ਬਰਖ਼ਾਸਤ ਕਰਨ ਲਈ ਉਚਿਤ ਕਾਰਨ

ਵਿਨਿਯਮ ਇੱਕ ਕਰਮਚਾਰੀ ਨੂੰ ਬਰਖ਼ਾਸਤ ਕਰਨ ਲਈ ਉਚਿਤ ਕਾਰਨ ਦੇ ਸਕਦੇ ਹਨ ਜਿਸ ਦੀ ਉਮਰ 18 ਸਾਲ ਹੈ ਜਿਸ ਨੇ ਟੀਕਾਕਰਨ ਨਹੀਂ ਕਰਵਾਇਆ ਹੈ ਜਾਂ ਡਾਕਟਰੀ ਛੋਟ ਪ੍ਰਾਪਤ ਨਹੀਂ ਕੀਤੀ ਹੈ।

ਇੱਕ ਸੰਭਾਵੀ ਉਚਿਤ ਕਾਰਨ ਹੋ ਸਕਦਾ ਹੈ:

- ਮਾਲਕ ਵੱਲੋਂ ਕਾਨੂੰਨ ਰਾਹੀਂ ਲਾਗੂ ਜਾਂ ਇਸ ਦੇ ਤਹਿਤ ਡਿਊਟੀ ਜਾਂ ਪਾਬੰਦੀ ਦੀ ਉਲੰਘਣਾ ਕੀਤੇ ਬਗੈਰ ਕਰਮਚਾਰੀ ਆਪਣੇ ਅਹੁਦੇ ਉੱਤੇ ਕੰਮ ਕਰਨਾ ਜਾਰੀ ਨਹੀਂ ਰੱਖ ਸਕਦਾ, ਜਾਂ
- ਅਹੁਦੇ 'ਤੇ ਬੈਠੇ ਇੱਕ ਕਰਮਚਾਰੀ ਦੀ ਬਰਖ਼ਾਸਤਗੀ ਨੂੰ ਉਚਿਤ ਠਹਿਰਾਉਣ ਦੇ ਸਬੰਧ ਵਿੱਚ ਇਸ ਤਰ੍ਹਾਂ ਦਾ ਕੋਈ ਹੋਰ ਠੋਸ ਕਾਰਨ

ਜਿੱਥੇ ਕੰਮ ਦੇ ਕੰਟਰੈਕਟਰ ਤਹਿਤ ਇੱਕ ਕਰਮਚਾਰੀ ਨੂੰ ਕਿਸੇ ਹੋਰ ਜਗ੍ਹਾ ਤੈਨਾਤ ਕਰਨਾ ਸੰਭਵ ਹੁੰਦਾ, ਉੱਕੇ ਬਰਖ਼ਾਸਤਗੀ ਲਈ ਇਹ ਕਾਰਨ ਲਾਗੂ ਨਹੀਂ ਸਕਦੇ। ਇਹ ਮਾਮਲਾ ਉਸ ਸਮੇਂ ਹੋਵੇਗਾ ਜਦੋਂ ਇੱਕ ਕਰਮਚਾਰੀ ਨੂੰ ਕੋਈ ਹੋਰ ਡਿਊਟੀਆਂ ਦਿੱਤੀਆਂ ਜਾ ਸਕਦੀਆਂ ਹਨ ਜਿੱਥੇ ਟੀਕਾਕਰਨ ਇੱਕ ਜ਼ਰੂਰਤ ਨਹੀਂ ਹੈ।

ਜਿੱਥੇ ਇੱਕ ਮਾਲਕ ਨੂੰ ਸਮੁੱਚੇ ਰੂਪ ਵਿੱਚ ਸਬੰਧਤ ਕੰਮ ਕਰਨ ਲਈ ਲਗਾਤਾਰ ਇੱਕੋ ਜਿਹੀ ਗਿਣਤੀ ਵਿੱਚ ਕਰਮਚਾਰੀਆਂ ਦੀ ਲੋੜ ਹੁੰਦੀ ਹੈ ਅਤੇ ਉਹ ਹਰੇਕ ਉਸ ਵਿਅਕਤੀ ਨੂੰ ਕਿਧਰੇ ਹੋਰ ਤੈਨਾਤ ਨਹੀਂ ਕਰ ਸਕਦਾ ਜਿਸ ਨੇ ਨਾ ਤਾਂ ਟੀਕਾਕਰਨ ਕਰਵਾਇਆ ਹੁੰਦਾ ਹੈ ਨਾ ਹੀ ਛੋਟ ਪ੍ਰਾਪਤ ਹੁੰਦੀ ਹੈ, ਤਾਂ ਇਹ ਛਾਂਟੀ ਵਾਲੀ ਸਥਿਤੀ ਨਹੀਂ ਬਣੇਗੀ। ਕੰਮ ਦੀ ਸਮਾਪਤੀ ਲਈ ਕਾਰਨ ਬਰਖ਼ਾਸਤਗੀ ਹੋਵੇਗੀ, ਛਾਂਟੀ ਨਹੀਂ, ਅਤੇ ਬਰਖ਼ਾਸਤ ਕਰਮਚਾਰੀਆਂ ਕੋਲ ਛਾਂਟੀ ਦੀ ਤਨਖ਼ਾਹ ਲਈ ਅਧਿਕਾਰ ਨਹੀਂ ਹੋਵੇਗਾ। ਪਰ, ਇਨ੍ਹਾਂ ਪ੍ਰਸਥਿਤੀਆਂ ਵਿੱਚ, ਮਾਲਕ ਨੂੰ ਇਸ ਬਾਰੇ ਵਿਚਾਰ ਕਰਨ ਦੀ ਲੋੜ ਹੋਵੇਗੀ ਕਿ ਉਹ ਮੁੜ ਤੈਨਾਤੀ ਜਾਂ ਬਰਖ਼ਾਸਤਗੀ ਲਈ ਆਪਣੇ ਕਰਮਚਾਰੀਆਂ ਦੀ ਕਿੰਨੀ ਨਿਆਂਉਚਿਤ ਢੰਗ ਨਾਲ ਚੋਣ ਕਰਦਾ ਹੈ। ਚੋਣ ਦਾ ਮਾਪਦੰਡ ਨਿਰਪੱਖ ਅਤੇ ਵਿਤਕਰੇ-ਰਹਿਤ ਹੋਣਾ ਚਾਹੀਦਾ ਹੈ।

ਜ਼ਰੂਰਤ ਦੀ ਸ਼ੁਰੂਆਤ ਨਾਲ ਬਰਖ਼ਾਸਤਗੀ ਲਈ ਹੋਰ ਕਾਰਨ ਉਤਪੰਨ ਹੋ ਸਕਦੇ ਹਨ। ਮਿਸਾਲ ਲਈ, ਜੇਕਰ ਇੱਕ ਕਰਮਚਾਰੀ ਬੇਇਮਾਨੀ ਨਾਲ ਟੀਕਾਕਰਨ ਦਾ ਝੂਠਾ ਸਬੂਤ ਮੁਹੱਈਆ ਕਰਦਾ ਹੈ, ਤਾਂ ਇਹ ਸੰਭਾਵੀ ਰੂਪ ਵਿੱਚ ਦੁਰਵਿਹਾਰ ਅਤੇ ਇੱਥੋਂ ਤੱਕ ਕਿ ਘੋਰ-ਦੁਰਵਿਹਾਰ ਬਣ ਸਕਦਾ ਹੈ।

ਪਰ, ਟੀਕਾਕਰਨ ਜਾਂ ਡਾਕਟਰੀ ਛੋਟ ਨਾ ਲੈਣਾ ਆਪਣੇ ਆਪ ਵਿੱਚ ਦੁਰਵਿਹਾਰ ਨਹੀਂ ਬਣੇਗਾ।

### ਕੇਅਰ ਹੋਮਾਂ ਨੂੰ ਲਾਜ਼ਮੀ ਤੌਰ 'ਤੇ ਉਚਿਤ ਅਤੇ ਨਿਰਪੱਖ ਢੰਗ ਨਾਲ ਕਾਰਵਾਈ ਕਰਨੀ ਚਾਹੀਦੀ ਹੈ

ਜੇਕਰ ਇੱਕ ਕੇਅਰ ਹੋਮ ਇੱਕ ਸੰਭਾਵੀ ਉਚਿਤ ਕਾਰਨ ਕਰਕੇ ਬਰਖ਼ਾਸਤਗੀ ਬਾਰੇ ਵਿਚਾਰ ਕਰ ਰਿਹਾ ਤਾਂ ਉਨ੍ਹਾਂ ਨੂੰ ਲਾਜ਼ਮੀ ਤੌਰ 'ਤੇ:

- ਨਿਰਪੱਖ ਕਾਰਜ-ਪ੍ਰਕਿਰਿਆ ਦੀ ਪਾਲਣਾ ਵੀ ਕਰਨੀ ਚਾਹੀਦੀ ਹੈ, ਅਤੇ
- ਸੰਭਾਵੀ ਤੌਰ 'ਤੇ ਉਚਿਤ ਕਾਰਨ ਨੂੰ ਬਰਖ਼ਾਸਤਗੀ ਲਈ ਲੋੜੀਂਦੇ ਕਾਰਨ ਵੱਜੋਂ ਲੈਂਦਿਆਂ ਉਚਿਤ ਢੰਗ ਨਾਲ ਕਾਰਵਾਈ ਕਰਨੀ ਚਾਹੀਦੀ ਹੈ

ਇੱਕ ਕਰਮਚਾਰੀ ਨੂੰ ਬਰਖ਼ਾਸਤ ਕਰਨ ਤੋਂ ਪਹਿਲਾਂ ਕੇਅਰ ਹੋਮ ਵੱਲੋਂ ਵਿਚਾਰ ਕੀਤੇ ਜਾਣ ਵਾਲੇ ਕਦਮਾਂ ਵਿੱਚ ਸ਼ਾਮਲ ਹਨ (ਧਿਆਨ ਦਿਓ ਕਿ ਇਹ ਸੰਪੂਰਨ ਨਹੀਂ ਹਨ):

- ਕਰਮਚਾਰੀ ਨਾਲ ਸਲਾਹ-ਮਸ਼ਵਰਾ ਕਰਨਾ (ਉੱਪਰ ਵਿਅਕਤੀਗਤ ਜੁੜਾਵ, ਦੇਖੋ)
- ਕਰਮਚਾਰੀ ਨੂੰ ਬਰਖ਼ਾਸਤਗੀ ਦੇ ਜੋਖਮ ਬਾਰੇ ਚੇਤਾਵਨੀ ਦੇਣੀ ਜੇਕਰ ਉਹ ਤੈਅ-ਸ਼ੁਦਾ ਸਮਿਆਂ ਵਿੱਚ ਇਸ ਦਾ ਸਬੂਤ ਨਹੀਂ ਦਿੰਦੇ ਕਿ ਉਨ੍ਹਾਂ ਦੀ ਟੀਕਾਕਰਨ ਹੋ ਗਿਆ ਹੈ ਜਾਂ ਇਸ ਤੋਂ ਛੋਟ ਮਿਲੀ ਹੁੰਦੀ ਹੈ।
- ਕਰਮਚਾਰੀ ਨੂੰ ਇਸ ਬਾਰੇ ਆਪਣੇ ਹਾਲਾਤ ਅਤੇ ਕਾਰਨਾਂ ਨੂੰ ਦੱਸਣ ਦਾ ਮੌਕਾ ਦੇਣਾ ਕਿ ਉਨ੍ਹਾਂ ਨੂੰ ਬਰਖ਼ਾਸਤ ਨਹੀਂ ਕਰਨਾ ਚਾਹੀਦਾ - ਇਹ ਆਮ ਤੌਰ 'ਤੇ ਮੀਟਿੰਗ ਵਿੱਚ ਹੋਣਾ ਚਾਹੀਦਾ ਹੈ, ਪਰ ਇਹ ਵਰਚੁਅਲੀ (ਸੰਚਾਰ ਮਾਧਿਅਮਾਂ ਰਾਹੀਂ ਦੂਰੋਂ) ਜਾਂ ਜ਼ਰੂਰੀ ਹੋਵੇ ਤਾਂ ਟੈਲੀਫ਼ੋਨ ਰਾਹੀਂ ਹੋ ਸਕਦੀ ਹੈ
- ਉਸ ਵਿਅਕਤੀ ਨੂੰ ਆਪਣੇ ਨਾਲ ਟ੍ਰੇਡ ਯੂਨੀਅਨ ਦੀ ਪ੍ਰਤੀਨਿਧੀ ਜਾਂ ਸਾਥੀ-ਕਰਮਚਾਰੀ ਨੂੰ ਲਿਆਉਣ ਦੀ ਆਗਿਆ ਦੇਣੀ
- ਜੋ ਕਿਹਾ ਗਿਆ ਸੀ ਉਸ ਬਾਰੇ ਕਿਸੇ ਵੀ ਗ਼ਲਤਫਹਿਮੀਆਂ ਜਾਂ ਵਿਵਾਦਾਂ ਤੋਂ ਬਚਾਅ ਲਈ ਕਿਸੇ ਵੀ ਰਸਮੀ ਮੀਟਿੰਗਾਂ ਦੇ ਨੋਟ ਲਿਖਣੇ ਅਤੇ ਸਾਂਝੇ ਕਰਨੇ
- ਬਰਖ਼ਾਸਤਗੀ ਦੇ ਵਿਕਲਪਾਂ ਬਾਰੇ ਪਤਾ ਲਗਾਉਣਾ, ਮਿਸਾਲ ਲਈ ਕਿਸੇ ਹੋਰ ਜਗ੍ਹਾ ਤੈਨਾਤੀ ਜਿੱਥੇ ਟੀਕਾਕਰਨ ਦੀ ਲੋੜ ਨਹੀਂ ਹੁੰਦੀ
- ਇੱਕ ਜਿਹੇ ਮਾਮਲਿਆਂ ਵਿੱਚ ਇਕਸਾਰਤਾ ਨਾਲ ਕਾਰਵਾਈ ਕਰਨੀ, ਪਰ ਮਾਮਲਿਆਂ ਦਰਮਿਆਨ ਢੁਕਵੇਂ ਅੰਤਰ ਬਾਰੇ ਵੀ ਵਿਚਾਰ ਕਰਨਾ
- ਨਤੀਜੇ ਬਾਰੇ ਫ਼ੈਸਲਾ ਕਰਨਾ ਅਤੇ ਕਰਮਚਾਰੀ ਨੂੰ ਨਤੀਜੇ ਬਾਰੇ ਦੱਸਣਾ
- ਬਰਖ਼ਾਸਤਗੀ ਵਿਰੁੱਧ ਅਪੀਲ ਕਰਨ ਦਾ ਅਧਿਕਾਰ ਦੇਣਾ

ਕੇਅਰ ਹੋਮਾਂ ਨੂੰ ਆਪਣੀ ਨੀਤੀ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਅਤੇ ਇਸ ਬਾਰੇ ਪ੍ਰਚਾਰ ਕਰਨਾ ਚਾਹੀਦਾ ਹੈ ਜੇਕਰ ਇੱਕ ਬਰਖ਼ਾਸਤ ਕਰਮਚਾਰੀ ਬਰਖ਼ਾਸਤਗੀ ਵਿਰੁੱਧ ਅਪੀਲ ਕਰਦਾ ਹੈ ਅਤੇ ਬਰਖ਼ਾਸਤਗੀ ਤੋਂ ਬਾਅਦ ਟੀਕਾਕਰਨ ਦਾ ਕੋਰਸ ਪੂਰਾ ਕਰਦਾ ਹੈ ਜਾਂ ਡਾਕਟਰੀ ਛੋਟ ਪ੍ਰਾਪਤ ਕਰਦਾ ਹੈ, ਪਰ ਇਹ ਅਪੀਲ ਦੀ ਸੁਣਵਾਈ ਤੋਂ ਪਹਿਲਾਂ ਕੀਤਾ ਜਾਂਦਾ ਹੈ ਕੇਅਰ ਹੋਮਾਂ ਨੂੰ ਇਹ ਵਿਚਾਰ ਕਰਨ ਦੀ ਲੋੜ ਹੋਵੇਗੀ ਕਿ ਉਹ ਅਜਿਹੇ ਹਾਲਾਤ ਵਿੱਚ ਕਰਮਚਾਰੀਆਂ ਨੂੰ ਮੁੜ ਤੋਂ ਕੰਮ 'ਤੇ ਬਹਾਲ ਕਰਨਗੇ ਅਤੇ ਕੀ ਉਹ ਬਹਾਲ ਕਰਨ 'ਤੇ ਪਿਛਲੀ ਤਨਖ਼ਾਹ ਦਾ ਭੁਗਤਾਨ ਕਰਨਗੇ। ਇੱਕ ਵਾਰੀ ਫੇਰ ਤੋਂ ਮਾਲਕ ਨੂੰ ਉਚਿਤ ਅਤੇ ਨਿਰਪੱਖ ਢੰਗ ਨਾਲ ਕਾਰਵਾਈ ਕਰਨੀ ਚਾਹੀਦੀ ਹੈ। ਉੱਥੇ ਇੱਕ ਛੁੱਟੀ ਬਰਖ਼ਾਸਤਗੀ ਦਾ ਢੁਕਵਾਂ ਬਦਲ ਹੋ ਸਕਦੀ ਹੈ, ਜਿੱਥੇ ਇੱਕ ਕਰਮਚਾਰੀ ਪੂਰੀ ਤਰ੍ਹਾਂ ਨਾਲ ਟੀਕਾਕਰਨ ਕਰਵਾਉਣ ਜਾਂ ਡਾਕਟਰੀ ਛੋਟ ਦਾ ਸਬੂਤ ਪ੍ਰਾਪਤ ਕਰਨ ਦਾ ਇਰਾਦਾ ਜ਼ਾਹਰ ਕਰਦਾ ਹੈ। ਇਹ ਨੋਟਿਸ ਦੇਣ ਵਿੱਚ ਦੇਰੀ ਨੂੰ ਵੀ ਵਾਜਬ ਠਹਿਰਾ ਸਕਦਾ ਹੈ।

## ਨੋਟਿਸ ਭੁਗਤਾਨ

ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਸਟਾਫ ਦੇ ਵਿਨਿਯਮਾਂ ਦੀ ਪਾਲਣਾ ਨਾ ਕਰਨ ਕਰਕੇ ਕੰਟਰੈਕਟ ਸਮਾਪਤ ਕੀਤੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਘੱਟੋ-ਘੱਟ ਵਿਧਾਨਕ ਨੋਟਿਸ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਕੋਈ ਵਧੀਕ ਅਨੁਬੰਧਤ ਨੋਟਿਸ ਜਾਂ, ਜਿੱਥੇ ਢੁਕਵਾਂ ਹੋਵੇ, ਨੋਟਿਸ ਬਦਲੇ ਤਨਖਾਹ ਦੇਣੀ ਚਾਹੀਦੀ ਹੈ। ਆਮ ਤੌਰ 'ਤੇ ਟੀਕਾਕਰਨ ਕਰਵਾਉਣ ਜਾਂ ਡਾਕਟਰੀ ਛੋਟ ਲੈਣ ਦੀ ਜ਼ਰੂਰਤ ਨੂੰ ਨਾ ਪੂਰਾ ਕਰਨਾ ਬਗੈਰ ਨੋਟਿਸ ਤੋਂ ਬਰਖ਼ਾਸਤਗੀ ਨੂੰ ਉਚਿਤ ਨਹੀਂ ਠਹਿਰਾਏਗੀ।

## ਸਮਾਨਤਾ ਕਾਨੂੰਨ (ਇਕੁਐਲਿਟੀ ਐਕਟ) 2010

ਅੱਗੇ ਦਿੱਤੀਆਂ ਗੱਲਾਂ ਕਰਕੇ ਕਿਸੇ ਵਿਰੁੱਧ ਵਿਤਕਰੇਬਾਜ਼ੀ ਕਰਨੀ ਕਾਨੂੰਨ ਦੇ ਵਿਰੁੱਧ ਹੈ:

- ਲਿੰਗ
- ਨਸਲ
- ਧਰਮ ਅਤੇ ਵਿਸ਼ਵਾਸ
- ਅਸਮਰੱਥਾ
- ਉਮਰ
- ਗਰਭਅਵਸਥਾ ਅਤੇ ਜਣੇਪਾ
- ਜਿਨਸੀ ਝੁਕਾਅ
- ਮੁੜ ਲਿੰਗਕ ਨਿਰਧਾਰਨ
- ਵਿਆਹ ਅਤੇ ਸਿਵਲ ਪਾਰਟਨਰਸ਼ਿਪ

ਇਹ 'ਸੁਰੱਖਿਅਤ ਵਿਸ਼ੇਸ਼ਤਾਵਾਂ ਵੱਜੋਂ ਜਾਣੀਆਂ ਜਾਂਦੀਆਂ ਹਨ'।

ਗ਼ੈਰਕਾਨੂੰਨੀ ਵਿਤਕਰੇ ਵਿੱਚ (ਹੋਰਨਾਂ ਗੱਲਾਂ ਦੇ ਨਾਲ-ਨਾਲ) ਸ਼ਾਮਲ ਹੋ ਸਕਦਾ ਹੈ:

- ਸਿੱਧਾ ਵਿਤਕਰਾ - ਸੁਰੱਖਿਅਤ ਵਿਸ਼ੇਸ਼ਤਾਵਾਂ ਵਾਲੇ ਕਿਸੇ ਵਿਅਕਤੀ ਨਾਲ ਸੁਰੱਖਿਅਤ ਵਿਸ਼ੇਸ਼ਤਾਵਾਂ ਕਰਕੇ ਹੋਰਨਾਂ ਦੇ ਮੁਕਾਬਲੇ ਘੱਟ ਸਾਕਾਰਾਤਮਕ ਢੰਗ ਨਾਲ ਵਿਵਹਾਰ ਕਰਨਾ
- ਅਸਿੱਧਾ ਵਿਤਕਰਾ - ਅਜਿਹੇ ਨਿਯਮ ਜਾਂ ਇੰਤਜਾਮ ਤੈਅ ਕਰਨੇ ਜੋ ਹਰੇਕ ਵਿਅਕਤੀ ਉੱਤੇ ਲਾਗੂ ਹੁੰਦੇ ਹਨ, ਪਰ ਜੋ ਸੁਰੱਖਿਅਤ ਵਿਸ਼ੇਸ਼ਤਾਵਾਂ ਵਾਲੇ ਕਿਸੇ ਵਿਅਕਤੀ ਨੂੰ ਅਣਉਚਿਤ ਵਾਂਝੇਪਣ ਦੀ ਸਥਿਤੀ ਵਿੱਚ ਪਾਉਂਦੇ ਹਨ ਅਤੇ ਜਿਸ ਨੂੰ ਨਿਆਂ-ਉਚਿਤ ਨਹੀਂ ਠਹਿਰਾਇਆ ਜਾ ਸਕਦਾ (ਗਰਭਅਵਸਥਾ ਅਤੇ ਜਣੇਪਾ ਅਸਿੱਧੇ ਵਿਤਕਰੇ ਦੇ ਸਬੰਧ ਵਿੱਚ ਢੁਕਵੀਂ ਸੁਰੱਖਿਅਤ ਵਿਸ਼ੇਸ਼ਤਾ ਨਹੀਂ ਹੈ)

ਸਿੱਧੇ ਵਿਤਕਰੇ ਨੂੰ ਆਮ ਤੌਰ 'ਤੇ ਵਾਜਬ ਨਹੀਂ ਠਹਿਰਾਇਆ ਜਾ ਸਕਦਾ, ਪਰ ਬਹੁਤ ਸੀਮਤ ਹਾਲਾਤ ਵਿੱਚ ਉਮਰ ਕਰਕੇ ਸਿੱਧਾ ਵਿਤਕਰਾ ਨਿਆਂ-ਸੰਗਤ ਹੋ ਸਕਦਾ ਹੈ।

ਅਸਿੱਧਾ ਵਿਤਕਰਾ ਉੱਥੇ ਹੋ ਸਕਦਾ ਹੈ ਜਿੱਥੇ ਕੇਅਰ ਹੋਮ ਵਿੱਚ ਦਾਖਲ ਹੋ ਸਕਣ ਤੋਂ ਪਹਿਲਾਂ ਹਰੇਕ ਵਿਅਕਤੀ ਲਈ ਗ਼ੈਰਵਾਜਬ ਜ਼ਰੂਰਤ ਤੈਅ ਕੀਤੀ ਜਾਂਦੀ ਹੈ, ਜਿਵੇਂ ਕਿ ਟੀਕਾਕਰਨ ਹੋਇਆ ਹੋਣਾ ਜਾਂ ਡਾਕਟਰੀ ਛੋਟ ਦਾ ਵਿਸ਼ਾ ਹੋਣਾ, ਪਰ ਖਾਸ ਸੁਰੱਖਿਅਤ ਵਿਸ਼ੇਸ਼ਤਾ ਵਾਲੇ ਵਿਅਕਤੀਆਂ ਉੱਤੇ ਇਸ ਦਾ ਬਦਤਰ ਅਸਰ ਹੁੰਦਾ ਹੈ। ਪਰ, ਜਿੱਥੇ ਉਹ ਜ਼ਰੂਰਤ ਸਾਰੀਆਂ ਸੁਰੱਖਿਅਤ ਵਿਸ਼ੇਸ਼ਤਾਵਾਂ ਦੇ ਸਬੰਧ ਵਿੱਚ ਵਾਜਬ ਹੋ ਸਕਦੀ ਹੈ ਉੱਥੇ ਕੋਈ ਅਸਿੱਧਾ ਵਿਤਕਰਾ ਨਹੀਂ ਹੁੰਦਾ। ਵਾਜਬਤਾ ਵਿੱਚ ਇਹ ਦਿਖਾਉਣਾ ਸ਼ਾਮਲ ਹੈ ਕਿ ਵਿਧਾਨਕ ਉਦੇਸ਼ ਦੀ ਪ੍ਰਾਪਤੀ ਲਈ ਨਿਯਮ ਸੰਤੁਲਿਤ ਸਾਧਨ ਹਨ। ਇਹੀ ਟੈਸਟ ਇੱਕ ਕਰਮਚਾਰੀ ਦੀ ਬਰਖ਼ਾਸਤਗੀ ਉੱਤੇ ਇਸ ਲਈ ਲਾਗੂ ਹੁੰਦਾ ਹੈ ਕਿਉਂਕਿ ਜ਼ਰੂਰਤ ਉਦੋਂ ਤੱਕ ਟੀਕਾ ਨਾ ਲਗਵਾਏ ਵਿਅਕਤੀ ਨੂੰ ਦੇਖਭਾਲ ਵਿੱਚ ਦਾਖਲ ਨਹੀਂ ਹੋਣ ਦੇਵੇਗੀ ਜਦੋਂ ਤੱਕ ਉਨ੍ਹਾਂ ਨੂੰ ਛੋਟ ਨਹੀਂ ਮਿਲੀ ਹੁੰਦੀ।

## ਵਿਨਿਯਮ

ਵਿਨਿਯਮ ਕੇਅਰ ਹੋਮਾਂ ਲਈ ਇਹ ਜ਼ਰੂਰੀ ਬਣਾਉਂਦੇ ਹਨ ਕਿ ਉਹ ਕੇਅਰ ਹੋਮ ਵਿੱਚ ਸਿਰਫ ਟੀਕਾਕਰਨ ਕਰਵਾਏ ਜਾਂ ਡਾਕਟਰੀ ਛੋਟ ਵਾਲੇ ਕਰਮਚਾਰੀਆਂ, ਜਾਂ ਉਨ੍ਹਾਂ ਨੂੰ ਹੀ ਦਾਖਲ ਹੋਣ ਦੀ ਆਗਿਆ ਦੇਣ ਜਿਨਾਂ ਦੀ ਉਮਰ 18 ਸਾਲ ਤੋਂ ਘੱਟ ਹੈ। ਇਸ ਤਰ੍ਹਾਂ, ਇੱਕ ਕੇਅਰ ਹੋਮ ਵਿਤਕਰਾ ਰੋਕਣ ਵਾਲੇ ਆਮ ਨਿਯਮਾਂ ਲਈ ਅੱਪਵਾਦ ਦਾ ਫਾਇਦਾ ਲੈ ਸਕੇਗਾ। ਕੇਅਰ ਹੋਮ ਕੰਮ ਦੇ ਸਬੰਧ ਵਿੱਚ ਸਮਾਨਤਾ ਕਾਨੂੰਨ 2010 ਦੀ ਉਲੰਘਣਾ ਵੀ ਨਹੀਂ ਕਰੇਗਾ, ਜੇਕਰ ਕੇਅਰ ਹੋਮ ਕੋਈ ਗੱਲ ਕਰਦਾ ਹੈ ਤਾਂ ਇਸ ਨੂੰ ਲਾਜ਼ਮੀ ਤੌਰ 'ਤੇ ਵਿਨਿਯਮਾਂ ਦੀ ਪਾਲਣਾ ਕਰਦਿਆਂ ਅਜਿਹਾ ਕਰਨਾ ਚਾਹੀਦਾ ਹੈ। ਇਹ ਉਸ ਹੱਦ ਤੱਕ ਜਿੱਥੋਂ ਤੱਕ ਇਹ ਉਮਰ, ਅਪਾਹਜਤਾ, ਧਰਮ, ਜਾਂ ਸ਼ਰਧਾ ਨਾਲ ਸਬੰਧਤ ਹੁੰਦਾ ਹੈ।

ਇਸ ਤਰ੍ਹਾਂ ਅੱਪਵਾਦ ਇਸ ਬਾਰੇ ਦੱਸਦਾ ਹੈ ਕਿ ਕੇਅਰ ਹੋਮ ਲਈ ਇਹ ਯਕੀਨੀ ਬਣਾਉਣਾ ਉਮਰ, ਅਪਾਹਜਤਾ, ਧਰਮ, ਜਾਂ ਸ਼ਰਧਾ ਦੇ ਸਬੰਧ ਵਿੱਚ ਗ਼ੈਰਕਾਨੂੰਨੀ ਵਿਤਕਰਾ ਨਹੀਂ ਹੋਵੇਗਾ ਕਿ 18 ਸਾਲ ਤੋਂ ਵੱਧ ਉਮਰ ਵਾਲਾ ਵਿਅਕਤੀ, ਜਿਸ ਨੇ ਟੀਕਾ ਨਹੀਂ ਲਗਵਾਇਆ ਹੈ ਅਤੇ ਜਿਸ ਨੂੰ ਡਾਕਟਰੀ ਛੋਟ ਨਹੀਂ ਹੁੰਦੀ, ਕੇਅਰ ਹੋਮ ਵਿੱਚ ਦਾਖਲ ਨਾ ਹੋਵੇ।

ਬਰਾਬਰੀ ਵਾਲੇ ਵਤੀਰੇ ਦਾ ਇਹ ਅੱਪਵਾਦ ਨਸਲ, ਲਿੰਗ, ਜਿਨਸੀ ਝੁਕਾਅ, ਗਰਭਅਵਸਥਾ ਅਤੇ ਜਣੇਪੇ, ਮੁੜ ਲਿੰਗਕ ਨਿਰਧਾਰਨ, ਵਿਆਹ ਅਤੇ ਸਿਵਲ ਪਾਰਟਨਰਸ਼ਿਪ ਤੱਕ ਨਹੀਂ ਜਾਂਦਾ।

ਉਦਾਹਰਣ ਲਈ, ਇੱਕ ਕੇਅਰ ਹੋਮ ਜੋ ਇੱਕ ਅਪਾਹਜ ਸਟਾਫ ਨੂੰ ਸਿਰਫ ਉਸ ਦੀ ਅਪਾਹਜਤਾ ਕਰਕੇ ਹੀ ਬਰਖ਼ਾਸਤ ਕਰਦਾ ਹੈ ਉਹ ਇਸ ਅੱਪਵਾਦ ਦੇ ਫਾਇਦੇ ਲਈ ਦਾਅਵਾ ਨਹੀਂ ਕਰ ਸਕੇਗਾ। ਅਜਿਹਾ ਇਸ ਲਈ ਹੈ ਕਿਉਂਕਿ ਵਿਨਿਯਮ ਕੇਅਰ ਹੋਮ ਨੂੰ ਸਿਰਫ ਅਪਾਹਜ ਸਟਾਫ ਨੂੰ ਬਰਖ਼ਾਸਤ ਕਰਨ ਦੀ ਚੋਣ ਕਰਨ ਲਈ ਮਜਬੂਰ ਨਹੀਂ ਕਰਦੇ।

ਪਰ, ਜਿੱਥੇ ਕੇਅਰ ਹੋਮ ਨੇ ਵਿਨਿਯਮਾਂ ਦੇ ਨਤੀਜੇ ਵੱਜੋਂ ਕੁਝ ਸਟਾਫ ਨੂੰ ਲਾਜ਼ਮੀ ਬਰਖ਼ਾਸਤ ਕਰਨਾ ਹੈ ਅਤੇ ਸਟਾਫ ਦੀ ਚੋਣ ਨਿਰਪੱਖ ਤੇ ਵਿਤਰਕੇ-ਰਹਿਤ ਤਰੀਕੇ ਨਾਲ ਕਰਦਾ ਹੈ ਤਾਂ ਵਿਨਿਯਮਾਂ ਦੀ ਜ਼ਰੂਰਤ ਕਰਕੇ ਅੱਪਵਾਦ ਉਪਲਬਧ ਹੋ ਸਕਦਾ ਹੈ।

ਉਸ ਸੂਰਤ ਵਿੱਚ ਜਦੋਂ ਇਸ ਗੱਲ ਦਾ ਸਬੂਤ ਸੀ ਕਿ 18 ਸਾਲ ਤੋਂ ਵੱਧ ਉਮਰ ਵਾਲੇ ਵਿਅਕਤੀਆਂ ਨੂੰ ਟੀਕਾਕਰਨ ਕਰਵਾਉਣ ਜਾਂ ਡਾਕਟਰੀ ਛੋਟ ਲੈਣ ਬਾਰੇ ਵਿਨਿਯਮਾਂ ਦੁਆਰਾ ਲਾਗੂ ਜ਼ਰੂਰਤ ਸੁਰੱਖਿਅਤ ਵਿਸ਼ੇਸ਼ਤਾਵਾਂ ਦੇ ਹਵਾਲੇ ਨਾਲ ਵਿਅਕਤੀਆਂ ਨੂੰ ਖਾਸ ਤੌਰ 'ਤੇ ਵਾਂਝਾ ਕਰਦੀਆਂ ਹਨ, ਤਾਂ ਫੇਰ ਕੇਅਰ ਹੋਮ ਨੂੰ ਉੱਪਰ ਦਿੱਤੇ ਅੱਪਵਾਦ ਤਹਿਤ, ਉਸ ਵਿਵਹਾਰ ਨੂੰ ਉਚਿਤ ਠਹਿਰਾਉਣਾ ਪੈ ਸਕਦਾ ਹੈ।

ਕੇਅਰ ਹੋਮ ਵੱਲੋਂ ਵਿਨਿਯਮਾਂ ਦੀ ਪਾਲਣਾ ਬਹੁਤ ਹੱਦ ਤੱਕ ਵਿਧਾਨਕ ਉਦੇਸ਼ ਅਨੁਸਾਰ ਹੋਣੀ ਚਾਹੀਦੀ ਹੈ। ਜਦੋਂ ਤੱਕ ਸਟਾਫ ਦੀ ਬਰਖ਼ਾਸਤਗੀ ਤੋਂ ਬਚਾਅ ਲਈ ਕੇਅਰ ਹੋਮ ਹੋਰ ਮੁਨਾਸਬ ਕਦਮ ਨਹੀਂ ਚੁੱਕ ਸਕਦਾ (ਮਿਸਾਲ ਲਈ, ਹੈੱਡ ਆਫ਼ਿਸ ਵਿੱਚ ਕਿਧਰੇ ਹੋਰ ਤੈਨਾਤ ਕਰਨਾ, ਅਤੇ ਇਸ ਤਰ੍ਹਾਂ ਦੀਆਂ ਗੱਲਾਂ), ਤਾਂ ਇਹ ਦਿਖਾਏ ਜਾ ਸਕਣ ਦੀ

ਸੰਭਾਵਨਾ ਹੈ ਕਿ ਵਿਧਾਨਕ ਉਦੇਸ਼ ਪ੍ਰਾਪਤ ਕਰਨ ਲਈ ਬਰਖ਼ਾਸਤਗੀ ਇਸ ਤਰ੍ਹਾਂ ਨਾਲ ਨਿਰਪੱਖ ਤਰੀਕਾ ਹੈ ਕਿ ਵਾਜਬਤਾ ਕੋਈ ਵੀ ਅਸਿੱਧਾ ਵਿਤਕਰਾ ਹੋਣ ਤੋਂ ਰੋਕੇਗੀ।

ਇੱਕ ਟੀਕਾਕਰਨ ਨੀਤੀ ਅਤੇ ਇਸ ਤਹਿਤ ਕੀਤੇ ਗਏ ਫੈਸਲੇ ਲਾਜ਼ਮੀ ਤੌਰ 'ਤੇ ਕਰਮਚਾਰੀਆਂ ਵਿਰੁੱਧ ਵਿਤਕਰਾ ਨਾ ਕਰਨ।

ਮਿਸਾਲ ਲਈ, ਜੇਕਰ ਇੱਕ ਕੇਅਰ ਹੋਮ ਟੀਕਾਕਰਨ ਨਾ ਕਰਵਾਏ ਗੋਰੇ ਕਰਮਚਾਰੀਆਂ ਨੂੰ ਕਿਸੇ ਹੋਰ ਕੰਮ ਲਈ ਕਿਧਰੇ ਹੋਰ ਤੈਨਾਤ ਕਰਦਾ ਹੈ, ਅਤੇ ਨਸਲ ਦੇ ਆਧਾਰ 'ਤੇ ਟੀਕਾਕਰਨ ਨਾ ਕਰਵਾਉਣ ਵਾਲੇ ਅਸ਼ਵੇਤ (ਕਾਲੇ) ਕਰਮਚਾਰੀਆਂ ਨੂੰ ਬਰਖ਼ਾਸਤ ਕਰਦਾ ਹੈ, ਤਾਂ ਉਹ ਸਮਾਨਤਾ ਕਾਨੂੰਨ 2010 ਦੀ ਉਲੰਘਣਾ ਕਰੇਗਾ। ਜਾਂ ਇੱਕ ਕੇਅਰ ਹੋਮ, ਜਿਸ ਨੇ ਵਿਪਰੀਤ-ਲਿੰਗੀ ਕਰਮਚਾਰੀਆਂ ਨੂੰ ਬਰਖ਼ਾਸਤਗੀ ਵਿਰੁੱਧ ਅਪੀਲ ਦਾ ਅਧਿਕਾਰ ਦਿੱਤਾ ਸੀ ਪਰ ਸਮਲਿੰਗੀ ਕਰਮਚਾਰੀਆਂ ਨੂੰ ਨਹੀਂ ਦਿੱਤਾ, ਸਮਾਨਤਾ ਕਾਨੂੰਨ 2010 ਦੀ ਉਲੰਘਣਾ ਕਰੇਗਾ।

ਪਰ, ਸਭ ਤੋਂ ਵੱਧ ਗ਼ੈਰਕਾਨੂੰਨੀ ਵਿਤਕਰਾ ਇਸ ਤੋਂ ਘੱਟ ਪ੍ਰਤੱਖ ਹੋਵੇਗਾ।

*ਮਿਸਾਲ 1*

ਇਹ ਫੈਸਲਾ ਕਰਨ ਲਈ ਮਾਪਦੰਡ, ਕਿ ਟੀਕਾਕਰਨ ਨਾ ਕਰਵਾਉਣ ਵਾਲੇ ਕਿਹੜੇ ਕਰਮਚਾਰੀਆਂ ਨੂੰ ਕਿਸੇ ਹੋਰ ਕੰਮ ਲਈ ਕਿਧਰੇ ਹੋਰ ਤੈਨਾਤ ਕਰਨਾ ਚਾਹੀਦਾ ਹੈ, ਉਸ ਸਮੇਂ ਧਰਮ ਦੇ ਸਬੰਧ ਵਿੱਚ ਲੋਕਾਂ ਨਾਲ ਅਸਿੱਧੇ ਰੂਪ ਵਿੱਚ ਵਿਤਕਰਾ ਕਰ ਸਕਦਾ ਹੈ ਜੇਕਰ ਇਹ ਐਤਵਾਰ ਕੰਮ ਕਰ ਸਕਣ ਵਾਲੇ ਵਿਅਕਤੀਆਂ ਨੂੰ ਤਰਜੀਹ ਦਿੰਦਾ ਹੈ ਅਤੇ ਖਾਸ ਤੌਰ 'ਤੇ ਈਸਾਈ ਕਰਮਚਾਰੀਆਂ ਨੂੰ ਵਾਂਝਾ ਰੱਖਦਾ ਹੈ। ਸਮਾਨਤਾ ਕਾਨੂੰਨ 2010 ਦੀ ਉਲੰਘਣਾ ਤੋਂ ਬਚਾਅ ਕਰਨ ਲਈ ਵਿਧਾਨਕ ਉਦੇਸ਼ ਦੀ ਪ੍ਰਾਪਤੀ ਲਈ ਅਜਿਹੇ ਮਾਪਦੰਡ ਨੂੰ ਸੰਤੁਲਿਤ ਤਰੀਕਿਆਂ ਵੱਜੋਂ ਮੁਨਾਸਬ ਠਹਿਰਾਉਣ ਦੀ ਲੋੜ ਹੋਵੇਗੀ।

*ਮਿਸਾਲ 2*

ਇੱਕ ਅਪਾਹਜ ਵਿਅਕਤੀ ਨੂੰ ਸੀਮਤ ਗਤੀਸ਼ੀਲਤਾ ਕਰਕੇ ਨਿਸ਼ਚਿਤ ਤੈਅ-ਸ਼ੁਦਾ ਸਮੇਂ ਵਿੱਚ ਟੀਕਾਕਰਨ ਕਰਵਾਉਣ ਵਿੱਚ ਮੁਸ਼ਕਿਲਾਂ ਹੋ ਸਕਦੀਆਂ ਹਨ, ਜਾਂ ਟੈਲੀਫ਼ੋਨ ਰਾਹੀਂ ਰਸਮੀ ਸੁਣਵਾਈ ਵਿੱਚ ਭਾਗ ਲੈਣ ਦੇ ਘੱਟ ਸਮਰੱਥ ਹੋ ਸਕਦਾ ਹੈ। ਅਜਿਹੀ ਹਾਲਾਤ ਵਿੱਚ, ਕੇਅਰ ਹੋਮ ਨੂੰ ਇਹ ਵਿਚਾਰ ਕਰਨ ਦੀ ਲੋੜ ਹੋਵੇਗੀ ਕਿ ਕੀ ਅਪਾਹਜ ਵਿਅਕਤੀ ਨੂੰ ਨੁਕਸਾਨ ਦੀ ਸਥਿਤੀ ਵਿੱਚ ਪਾਉਣ ਤੋਂ ਬਚਾਉਣ ਲਈ ਉਚਿਤ ਬਦਲਵੇਂ-ਉਪਾਅ ਕਰਨ ਦੀ ਲੋੜ ਹੈ। ਜੇਕਰ ਕੇਅਰ ਹੋਮ ਉਚਿਤ ਬਦਲਵੇਂ-ਉਪਾਅ ਕਰਨ ਵਿੱਚ ਨਾਕਾਮ ਰਹਿੰਦਾ ਹੈ, ਤਾਂ ਇਹ ਅਪਾਹਜ ਵਿਅਕਤੀਆਂ ਦੇ ਸਬੰਧ ਵਿੱਚ ਸਮਾਨਤਾ ਕਾਨੂੰਨ 2010 ਦੀ ਉਲੰਘਣਾ ਕਰ ਸਕਦਾ ਹੈ।

ਸਮੂਹਿਕ ਅਤੇ ਵਿਅਕਤੀਗਤ ਜੁੜਾਵ ਸਮਾਨਤਾ ਕਾਨੂੰਨ 2010 ਦੀਆਂ ਸੰਭਾਵੀ ਉਲੰਘਣਾਵਾਂ ਬਾਰੇ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਨਜਿੱਠਣ ਲਈ ਵਧੀਆ ਤਰੀਕੇ ਹੋ ਸਕਦੇ ਹਨ।

ਸਮਾਨਤਾ ਕਾਨੂੰਨ 2010 ਬਾਰੇ ਅਗਲੇਰੀ ਜਾਣਕਾਰੀ ਸਮਾਨਤਾ ਅਤੇ ਮਨੁੱਖੀ ਅਧਿਕਾਰਾਂ ਦੇ ਕਮਿਸ਼ਨ ਦੀ ਵੈਬਸਾਈਟ ਤੋਂ ਦੇਖੀ ਜਾ ਸਕਦੀ ਹੈ: ਸਮਾਨਤਾ ਬਾਰੇ ਮਨੁੱਖੀ ਅਧਿਕਾਰ - ਕੰਮ ਦੇ ਵਿਹਾਰ ਲਈ ਵਿਧਾਨਕ ਜਾਬਤਾ।

ਉੱਪਰ ਦਿੱਤੀ ਜਾਣਕਾਰੀ ਸਿਰਫ ਸੇਧ ਲਈ ਹੈ। ਕਾਨੂੰਨੀ ਸਥਿਤੀ ਦਾ ਲਾਗੂ ਹੋਣ ਵਾਲੇ ਖਾਸ ਹਾਲਾਤ ਦੇ ਹਵਾਲੇ ਨਾਲ ਹੀ ਮੁਲਾਂਕਣ ਕੀਤਾ ਜਾ ਸਕਦਾ ਹੈ। ਕੇਅਰ ਹੋਮਾਂ ਨੂੰ ਆਪਣੀ ਖੁਦ ਦੀ ਸੁਤੰਤਰ ਕਾਨੂੰਨੀ ਸਲਾਹ ਲੈਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ।